# ਚੁੱਪ ਦੇ ਤਹਿਖਾਨਿਆਂ 'ਚੋਂ

ਕਾਵਿ ਸੰਗ੍ਰਹਿ

# ਚੁੱਪ ਦੇ ਤਹਿਖਾਨਿਆਂ ’ਚੋਂ

**ਜਸਪਾਲਜੀਤ**

*Poetry/Punjabi Poetry/Collection*

**Chupp De Tehkhanian Chon**

*by*

**Jaspal Singh**
Lect. Govt. College Dhudike, Distt. Moga
Literary name- **Jaspaljeet**
VPO: Giljewala, Distt. Muktsar-152026
Ph.: 94633-74012, 01633-211353

2007
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
*visit us at : www.unistarbooks.com*
Type Setting & Design PCIS
Printed & bound at Jai Offset Printers, Chandigarh
Ph:0172-2640382

*© 2007*
*Produce and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਪਰਮਿੰਦਰ ਦੇ ਨਾਂ

# ਤਪਦੀ ਧਰਤੀ ਤੇ ਵਰ੍ਹਦੀਆਂ ਕਣੀਆਂ:
# ਚੁੱਪ ਦੇ ਤਹਿਖਾਨਿਆਂ 'ਚੋਂ

ਕਵਿਤਾ ਦੀ ਸਿਰਜਣਾ ਦਾ ਅਮਲ ਹਰ ਵਿਅਕਤੀ ਦਾ ਅਲੱਗ-ਅਲੱਗ ਹੁੰਦਾ ਹੈ। ਸ਼ਾਇਦ ਇਸੇ ਕਰਕੇ ਹਰ ਸਿਰਜਕ ਦੀ ਕਿਰਤ ਦਾ ਰੰਗ-ਢੰਗ ਵੀ ਵੱਖਰਾ-ਵੱਖਰਾ ਹੁੰਦਾ ਹੈ। ਜਸਪਾਲਜੀਤ ਦੀਆਂ ਰਚਨਾਵਾਂ ਪੜ੍ਹਦਿਆਂ ਮੈਨੂੰ ਕੁਝ ਇਸ ਤਰ੍ਹਾਂ ਲੱਗਾ ਜਿਵੇਂ ਮੈਂ ਜ਼ਿੰਦਗੀ ਦੇ ਉਨ੍ਹਾਂ ਪਲਾਂ ਨਾਲ ਖਹਿ ਕੇ ਲੰਘ ਰਿਹਾ ਹੋਵਾਂ, ਜਿਨ੍ਹਾਂ ਨੂੰ ਮੈਂ ਖ਼ੁਦ ਬਹੁਤ ਪਿਛੇ ਛੱਡ ਆਇਆ ਹਾਂ। ਸੌਖੀ ਲੰਘ ਰਹੀ ਜ਼ਿੰਦਗੀ ਨੇ ਉਨ੍ਹਾਂ ਰਾਹਾਂ ਦੀਆਂ ਪੈੜਾਂ ਦੇ ਨਿਸ਼ਾਨ ਵੀ ਮੇਰੇ ਮਨ ਮਸਤਕ ਵਿਚੋਂ ਹੌਲੀ-ਹੌਲੀ ਪੂੰਝ ਦਿੱਤੇ ਹਨ। ਫਿਰ ਵੀ ਜਦ ਕਦੇ ਇਹੋ ਜਿਹੀ ਰਚਨਾ ਵਿਚੋਂ ਲੰਘਦਾ ਹਾਂ ਤਾਂ ਆਪਣੇ ਬੀਤੇ ਸਮੇਂ, ਹਾਲਾਤ, ਲੋਕਾਂ ਅਤੇ ਉਨ੍ਹਾਂ ਦੇ ਸੰਸਿਆਂ, ਝੋਰਿਆਂ ਅਤੇ ਹਟਕੋਰਿਆਂ ਨਾਲ ਫਿਰ ਇਸ ਤਰ੍ਹਾਂ ਤੁਰਨ ਲਗ ਪੈਂਦਾ ਹਾਂ ਜਿਵੇਂ ਗੂੜ੍ਹੀ ਨੀਂਦੋਂ ਜਾਗਿਆ ਹੋਵਾਂ। ਜਸਪਾਲਜੀਤ ਦੀ ਰਚਨਾ 'ਚੁੱਪ ਦੇ ਤਹਿਖਾਨਿਆਂ 'ਚੋਂ' ਵਿਚਲੀ ਚੁੱਪ, ਚੁੱਪ ਨਹੀਂ, ਸਗੋਂ ਇਹ ਚੁੱਪ ਬੋਲਦੀ ਹੈ। ਬੋਲਦੀ ਵੀ ਤੋਤਲੀ ਜਾਂ ਥਿੜਕਵੀਂ ਜ਼ੁਬਾਨ ਵਿਚ ਨਹੀਂ ਸਗੋਂ ਬੜਾ ਸਪੱਸ਼ਟ ਬੋਲਦੀ ਹੈ। ਕੁਝ ਇਸ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ ਜਿਵੇਂ ਕੋਈ ਬੱਚਾ ਅਚਾਨਕ ਬੋਲਣ ਲੱਗ ਪਵੇ ਅਤੇ ਸ਼ਬਦਾਂ ਦੀ ਥਾਂ ਸਿੱਧਾ ਫ਼ਿਕਰਾ ਹੀ ਬੋਲ ਦੇਵੇ।

'ਚੁੱਪ ਦੇ ਤਹਿਖਾਨਿਆਂ 'ਚੋਂ' ਉਸ ਸਧਾਰਣ ਵਿਅਕਤੀ ਦੇ ਬੋਲ ਹਨ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਕੰਠ ਲਗਾਇਆ ਸੀ। ਉਨ੍ਹਾਂ ਆਖਿਆ ਸੀ ਕਿ ਮੇਰੀ ਵੱਡਿਆਂ ਨਾਲ ਕੋਈ ਰੀਸ ਨਹੀਂ, ਮੈਂ ਤਾਂ ਉਨ੍ਹਾਂ ਨਾਲ ਹਾਂ, ਜਿਨ੍ਹਾਂ ਨੂੰ ਤੁਸੀਂ ਨੀਚਾਂ ਅੰਦਰ ਵੀ ਨੀਚ ਜ਼ਾਤ ਆਖਦੇ ਹੋ। ਸ਼ਾਇਦ ਇਨ੍ਹਾਂ ਨੂੰ ਉਚ ਬਣਾਉਣ ਲਈ ਕਿਸੇ ਮਨੁੱਖ ਵਲੋਂ ਭਗਤ ਕਬੀਰ ਤੋਂ ਬਾਅਦ ਇਹ ਦੂਜਾ ਵੱਡਾ ਹੰਭਲਾ ਸੀ। ਇਸ ਸਿਲਸਿਲੇ ਵਿਚ ਮੈਨੂੰ ਲਾਲ ਸਿੰਘ ਦਿਲ ਦੇ ਆਖੇ ਬੋਲ ਚੇਤੇ ਆ ਰਹੇ ਹਨ। ਪੰਜਾਬੀ ਭਵਨ, ਲੁਧਿਆਣਾ ਦੇ ਵਿਹੜੇ ਵਿਚ ਕਿਸੇ ਨੱਕ ਚੜ੍ਹੇ ਆਲੋਚਕ ਨੇ ਲਾਲ ਸਿੰਘ ਦਿਲ ਦੀ ਸ਼ਾਇਰੀ ਨੂੰ ਛੱਜ ਵਿਚ ਪਾਉਂਦਿਆਂ ਟਿੱਪਣੀ ਕੀਤੀ ਸੀ ਕਿ ਲਾਲ ਸਿੰਘ ਕੋਲ ਸ਼ਬਦ ਸੁਹਜ ਨਹੀਂ ਹੈ। ਇਸ ਦੇ ਉੱਤਰ ਵਿਚ ਉਸ ਦਾ ਜੁਵਾਬ ਬੜਾ ਸਪੱਸ਼ਟ ਸੀ ਕਿ "ਸੁਹਜ ਕਿਤੋਂ ਹੋਰ ਲੱਭ ਲਵੋ, ਮੇਰੇ ਕੋਲ ਤਾਂ ਲੀਰੋ-ਲੀਰ ਚਾਨਣੀ ਹੈ, ਖੁੱਸਿਆ-ਖੁੱਸਿਆ ਸੂਰਜ ਹੈ, ਐਨਾ ਥੋੜਾ ਹੈ ਕਿ ਅਸੀਂ ਲਿਖ ਰਹੇ ਹਾਂ। ਜਿਹੜੇ ਘਰਾਂ ਵਿਚ ਕਾਗਜ਼ ਦੀ ਆਮਦ ਵੀ ਹੱਟੀਓਂ ਆਏ ਸੌਦੇ ਰਾਹੀਂ ਹੀ ਹੋਵੇ, ਉੱਥੇ ਕੋਰੇ ਕਾਗਜ਼ਾਂ ਤੇ ਕਵਿਤਾ ਲਿਖਣ ਦਾ ਸੁਹਜ ਕਿਵੇਂ ਆ ਸਕਦਾ ਹੈ। ਮੈਨੂੰ ਮਾਣ ਹੈ ਕਿ ਅਸੀਂ ਲਿਖ ਰਹੇ ਹਾਂ। ਆਪਣੀ ਜ਼ਿੰਦਗੀ ਵਰਗੀ ਕਵਿਤਾ। ਪਾਰਦਰਸ਼ੀ ਕਵਿਤਾ।" ਜਸਪਾਲ ਜੀਤ ਦੀਆਂ ਕਵਿਤਾਵਾਂ ਦੀ ਸ਼ਕਤੀ ਵੀ ਇਸੇ ਪਾਰਦਰਸ਼ਤਾ ਵਿਚ ਪਈ ਹੈ। ਭਾਵੇਂ ਉਸ ਦੀ ਰਚਨਾ ਦਾ ਲਾਲ ਸਿੰਘ ਦਿਲ ਦੇ ਮੁਹਾਵਰੇ ਜਾਂ ਅੰਦਾਜ਼ ਨਾਲ ਕੋਈ ਸਬੰਧ ਨਹੀਂ ਪਰ ਪਾਰਦਰਸ਼ਤਾ ਦੀ ਸਾਂਝ ਵੀ ਕੋਈ ਨਿੱਕਾ ਰਿਸ਼ਤਾ ਨਹੀਂ।

ਜਸਪਾਲਜੀਤ ਦੀਆਂ ਕਵਿਤਾਵਾਂ ਦਾ ਸਫ਼ਰ ਜ਼ਫ਼ਰਨਾਮੇ ਦੀ ਧਰਤੀ ਅਤੇ ਸਿਰਜਣਾ ਦੇ ਦੌਰ ਤੋਂ ਸ਼ੁਰੂ ਹੁੰਦਾ ਹੈ। ਸ਼ਾਇਦ ਇਸੇ ਕਰਕੇ ਹੀ ਉਸਨੂੰ ਬਿਰਖ਼-ਬਰੂਟਿਆਂ ਦੇ ਪੱਤਿਆਂ ਵਿਚੋਂ ਜ਼ਫ਼ਰਨਾਮੇ ਦੀਆਂ ਸਤਰਾਂ ਵਰਗੇ ਬੋਲ ਸੁਣਾਈ ਦਿੰਦੇ ਹਨ ਅਤੇ ਝਾੜੀਆਂ ਵਿਚ ਫਸੇ ਇਹ ਬੋਲ ਕਲਮਾਂ ਬਣਕੇ ਉੱਗਦੇ ਦਿਸਦੇ ਹਨ। ਜ਼ਫ਼ਰਨਾਮਾ ਸਿਰਫ਼ ਫ਼ਤਿਹ ਦਾ ਉਲੇਖ ਨਹੀਂ ਸਗੋਂ ਸਮਾਜਿਕ ਨਿਆਂ ਅਤੇ ਕੱਦਾਵਰ ਇਖ਼ਲਾਕ ਦਾ ਪ੍ਰਤੀਕ ਹੈ। ਇਸ ਕਰਕੇ ਹੀ ਉਸਦੀ ਰਚਨਾ ਵਿਚ ਪੇਸ਼ ਔਰਤ ਸਿਰਫ਼ ਔਰਤ ਨਹੀਂ ਸਗੋਂ ਆਪਣੀ ਹੋਂਦ ਦੀ ਸਥਾਪਤੀ ਲਈ ਨਿਰੰਤਰ ਯਤਨਸ਼ੀਲ ਹਸਤੀ ਹੈ। ਉਸਦੇ ਸੁਪਨੇ ਤੇ ਪਛਾਵੇਂ ਚੁੱਪ ਨਹੀਂ ਰਹਿੰਦੇ ਸਗੋਂ ਲਗਾਤਾਰ ਬੋਲਦੇ ਹਨ, ਤੁਰਦੇ ਹਨ, ਸਫ਼ਰ ਤੇ ਰਹਿੰਦੇ ਹਨ। ਸੁਪਨਿਆਂ ਦਾ ਮੁਸਾਫ਼ਰ ਬਣਨਾ ਵੀ ਹਰ ਸ਼ਾਇਰ ਦੇ ਭਾਗਾਂ ਵਿਚ ਨਹੀਂ ਹੁੰਦਾ। ਸ਼ਬਦ, ਸੁਪਨੇ ਅਤੇ ਸਫ਼ਰ ਇਕੋ ਹੀ ਮਨੁੱਖ ਦੇ ਮੱਥੇ ਤੇ ਲਕੀਰਾਂ ਵਾਂਗ ਉਕਰੇ ਜਾਣ ਤਾਂ ਅਜਿਹੇ ਵਿਅਕਤੀਤਵ ਦੇ ਗੁਆਚਣ ਦਾ ਵੀ ਫ਼ਿਕਰ ਨਹੀਂ ਰਹਿੰਦਾ ਕਿਉਂਕਿ ਅਜਿਹੇ ਗੁਆਚੇ ਬੰਦੇ ਆਪਣੇ ਵਰਗੇ ਹੋਰ ਗੁਆਚਿਆਂ ਦੀ ਤਲਾਸ਼ ਵਿਚ ਨਿਰੰਤਰ ਅੱਗਿਓ-ਅੱਗੇ ਤੁਰਦੇ ਰਹਿੰਦੇ ਹਨ। ਅਜਿਹੇ ਲੋਕਾਂ ਲਈ ਸੰਤੁਸ਼ਟੀ ਮੌਤ ਦਾ ਦੂਸਰਾ ਨਾਮ ਹੈ ਅਤੇ ਅਸੰਤੁਸ਼ਟੀ ਵਿਦਰੋਹੀ ਬੀਜ।

ਜਸਪਾਲਜੀਤ ਰਿਸ਼ਤਿਆਂ ਦੀ ਸੁੱਚਮ ਨੂੰ ਤਾਂ ਪ੍ਰਵਾਨ ਕਰਦਾ ਹੈ ਪਰ ਰਿਸ਼ਤਿਆਂ ਨੂੰ ਬੇ-ਨਾਮ ਰੱਖਣ ਦਾ ਭਰਮ ਵੀ ਨਹੀਂ ਪਾਲਦਾ ਕਿਉਂਕਿ ਉਹ ਸਮਝਦਾ ਹੈ ਕਿ ਹਰ ਰਿਸ਼ਤੇ ਦੀ ਜਿੱਥੇ ਆਪੋ-ਆਪਣੀ ਪਾਕੀਜ਼ਗੀ ਹੈ, ਉਸ ਪਾਕੀਜ਼ਗੀ ਦੀ ਰਾਖੀ ਲਈ ਇਕ ਸੀਮਾ ਵੀ ਹੈ। ਇਹ ਸੀਮਾ ਦਾਇਰਾ ਨਹੀਂ ਬਣਨੀ ਚਾਹੀਦੀ। ਸੀਤਾ ਦੁਆਲੇ ਵਾਹੀ ਲਛਮਣ ਰੇਖਾ ਵਾਂਗ। ਹਰ ਲਛਮਣ ਰੇਖਾ ਅੰਦਰ ਹਰ ਵਾਰ ਔਰਤ ਰੂਪੀ ਸੀਤਾ ਹੀ ਕਿਉਂ ਕੈਦ ਹੁੰਦੀ ਹੈ। ਇਹ ਸੁਆਲ ਜਸਪਾਲਜੀਤ ਦੀ ਸ਼ਾਇਰੀ ਸਾਡੇ ਸਨਮੁਖ ਪੇਸ਼ ਕਰਦੀ ਹੈ। ਜਿਸ ਚੁੱਪ ਦੀ ਆਵਾਜ਼ ਸੁਣਨ ਦਾ ਸੁਨੇਹਾ ਸਾਨੂੰ ਕਦੇ ਸ਼ਿਵ ਕੁਮਾਰ ਬਟਾਲਵੀ ਨੇ ਦਿੱਤਾ ਸੀ, ਉਸ ਚੁੱਪ ਜਾਂ ਮੁਹੱਬਤ ਦੀ ਖਾਮੋਸ਼ੀ ਦਾ ਨਕਸ਼ਾ ਜਸਪਾਲ ਜੀਤ ਦੀ ਸ਼ਾਇਰੀ ਵੀ ਹੈ। ਇਹ ਚੁੱਪ ਕਾਇਨਾਤ ਦੀ ਅਨੰਤ ਪ੍ਰਵਾਜ਼ ਹੈ ਜਿਸ ਵਿਚ ਗੜੂੰਦ ਸ਼ਾਇਰ ਸ਼ਬਦਾਂ ਦੀ ਤਾਣੀ ਤਣਦਾ-ਤਣਦਾ ਮੌਸਮ ਦੇ ਬਦਲ ਜਾਣ ਤੀਕ ਉਡੀਕਵਾਨ ਬਣ ਬੈਠਦਾ ਹੈ। ਸ਼ਾਇਦ ਇਸੇ ਕਰਕੇ ਹੀ ਉਸ ਦੀ ਕਵਿਤਾ 'ਕੁੜੀਆਂ' ਸਾਨੂੰ ਉਸ ਆਲਮ ਵਿਚ ਲੈ ਜਾਂਦੀ ਹੈ ਜਿੱਥੇ ਆਵਾਜ਼ ਵੀ ਹੈ ਅਤੇ ਖੰਭਾਂ ਵਿਚ ਜਿਉਂਦੀ ਪ੍ਰਵਾਜ਼ ਵੀ।

"ਕੁੜੀਆਂ ਤੁਹਾਡੇ ਬੂਹੇ ਤੇ ਉੱਗਿਆ
ਅਜਿਹਾ ਫੁੱਲ ਹਨ
ਜੋ ਤੁਹਾਨੂੰ ਜੋੜਦੀਆਂ ਹਨ
ਰਿਸ਼ਤਿਆਂ ਦੇ ਨਿੱਘੇ ਅਹਿਸਾਸ ਨਾਲ
ਕੁੜੀਆਂ ਨੂੰ ਭਾਵੇਂ ਤੁਸੀਂ
ਚਿੜੀਆਂ ਕਹੋ
ਪਰ ਉਨ੍ਹਾਂ ਦੇ ਪਰਾਂ ਅੰਦਰ ਵੀ
ਪ੍ਰਵਾਜ਼ ਹੁੰਦੀ ਹੈ
ਨੀਲੇ ਗਗਨਾਂ ਦੇ

ਅਨੰਤ ਵਿਸਥਾਰ ਨੂੰ ਪਾਰ ਕਰਨ ਲਈ”

ਜਸਪਾਲਜੀਤ ਨੂੰ ਕੈਨਵਸ ਤੇ ਡੁੱਲ੍ਹੇ ਰੰਗ ਇੰਝ ਲੱਗਦੇ ਹਨ, ਜਿਵੇਂ ਪਛੱਮ ਵਿਚ ਸੂਰਜ ਡੁੱਬ ਰਿਹਾ ਹੋਵੇ ਅਤੇ ਉਸ ਦੀਆਂ ਕਿਰਨਾਂ ਉਨ੍ਹਾਂ ਦੇ ਪਿੰਡ ਦੇ ਰਾਹਾਂ ਤੇ ਖਿੱਲਰੇ ਕੱਕੇ ਰੇਤੇ ਉੱਪਰ ਪੈ ਰਹੀਆਂ ਹੋਣ। ਇਸ ਕੱਕੇ ਰੇਤੇ ਦੀ ਖਾਮੋਸ਼ੀ ਇਕੱਲਤਾ, ਉਦਾਸੀ, ਬੇਚੈਨੀ ਅਤੇ ਆਵਾਰਗੀ ਹੀ ਉਸ ਦੀ ਮੁਹੱਬਤ ਦਾ ਆਦਿ ਬਿੰਦੂ ਹੈ। ਇਸ ਚੁੱਪ ਨੂੰ ਉਹ ਆਪਣੇ ਸਾਹਾਂ ਵਿਚ ਪਰੋਣਾ ਚਾਹੁੰਦਾ ਹੈ। ਸ਼ਾਇਦ ਇਸੇ ਕਰਕੇ ਉਹ ਆਪਣੀ ਮੁਹੱਬਤੀ ਰੂਹ ਦੀ ਜ਼ਿੰਦਗੀ ਵਿਚ ਕੋਈ ਖਲਲ ਨਹੀਂ ਪਾਉਣਾ ਚਾਹੁੰਦਾ ਸਗੋਂ ਇਕ ਸੁਰਤਾ ਬਣਨਾ ਲੋਚਦਾ ਹੈ। ਸ਼ਾਇਦ ਉਸਨੇ ਮੇਰੀ ਹੀ ਇਕ ਗ਼ਜ਼ਲ ਦੇ ਇਸ ਸ਼ਿਅਰ ਨੂੰ ਵਧੀਆ ਸ਼ਾਇਰੀ ਵਿਚ ਢਾਲਿਆ ਹੈ। ਮੇਰਾ ਸ਼ਿਅਰ ਸੀ

“ਤੂੰ ਮੇਰੇ ਸਾਹਾਂ ’ਚ ਘੁਲ ਜਾ ਇਸ ਤਰ੍ਹਾਂ,
ਰਾਤ ਰਾਣੀ ਮਹਿਕਦੀ ਜਿਉਂ ਰਾਤ ਨੂੰ।”

ਮੇਰੀ ਗ਼ਜ਼ਲ ਦਾ ਇਹ ਸ਼ਿਅਰ ਤਰਲਾ ਹੈ ਪਰ ਜਸਪਾਲਜੀਤ ਦੀ ਨਜ਼ਮ ਵਿਚ ਪੇਸ਼ਕਸ਼ ਹੈ। ਉਸ ਦਾ ਸੱਚ ਅਤੇ ਸੁੱਚਮ ਮੇਰੇ ਤੋਂ ਸ਼ਕਤੀਸ਼ਾਲੀ ਹੈ। ਸ਼ਾਇਦ ਇਸੇ ਕਰਕੇ ਉਹ ਜਦ ਵੀ ਕਿਤੇ ਕਵਿਤਾ ਪੜ੍ਹ ਰਿਹਾ ਹੁੰਦਾ ਹੈ ਤਾਂ ਅਚੇਤ-ਸੁਚੇਤ ਆਪਣੀ ਮੁਹੱਬਤ ਨਾਲ ਹੀ ਲਗਾਤਾਰ ਸੰਵਾਦ ਕਰ ਰਿਹਾ ਹੁੰਦਾ ਹੈ। ਇਹ ਸੰਵਾਦ ਸਿਰਜਣਾ ਹਰ ਕਿਸੇ ਦੇ ਨਸੀਬ ਦਾ ਹਿੱਸਾ ਨਹੀਂ ਬਣਦਾ। ਜਸਪਾਲਜੀਤ ਦੀ ਰਚਨਾ ‘ਚੁੱਪ ਦੇ ਤਹਿਖਾਨਿਆਂ ’ਚੋਂ’ ਕਿਤੇ ਵਿਰਸੇ ਨੂੰ ਚਰਖੜੀ ਤੇ ਚੜ੍ਹਿਆ ਮਹਿਸੂਸ ਕਰਦੀ ਹੈ ਅਤੇ ਕਿਤੇ ਆਪਣੀ ਮਾਂ ਦੀਆਂ ਯਾਦਾਂ ਵਿਚੋਂ ਲੇਖਕ ਦੀ ਗੁਆਚੀ ਜਨਮ ਤਰੀਖ ਦਾ ਵੇਰਵਾ ਬਣ ਜਾਂਦੀ ਹੈ। ਉਸਦੇ ਸੁਪਨੇ ਦਾ ਵਿਸਤਾਰ ਅੰਬਰ ਤੀਕ ਹੈ। ਉਸਨੂੰ ਵਿਛੜੇ ਮੁਹੱਬਤੀ ਬੇਲੀਆਂ ਦਾ ਵਿਛੋੜਾ ਵੀ ਮਰਸੀਆ ਬਣ ਕੇ ਡੰਗਦਾ ਹੈ। ਸ਼ਬਦ-ਸ਼ਬਦ ਅੱਥਰੂ ਬਣ ਜਾਂਦੇ ਹਨ ਅਤੇ ਅੱਥਰੂਆਂ ਤੋਂ ਸੁੱਚੀ ਹੋਰ ਕੋਈ ਇਬਾਰਤ ਨਹੀਂ ਹੁੰਦੀ। ਜਸਪਾਲ ਜੀਤ ਆਪਣੀ ਸ਼ਾਇਰੀ ਨੂੰ ਸੋਚਾਂ ਅਤੇ ਸੰਕਲਪਾਂ ਦੇ ਹਵਾਲੇ ਵੀ ਕਰਦਾ ਹੈ। ਸ਼ਾਇਦ ਇਸੇ ਕਰਕੇ ਉਹ ਆਖਦਾ ਹੈ:

“ਵਗਦੇ ਪਾਣੀਆਂ ਵਿਚ
ਖਲਲ ਨਾ ਬਣ
ਆਪਣੇ ਵਿਚਾਰਾਂ ਅਤੇ ਆਦਰਸ਼ਾਂ ਨੂੰ
ਕੰਢੇ ਤੇ ਰੱਖ ਕੇ
ਵਹਿੰਦੇ ਵਹਿਣਾਂ ਵਿਚ ਵਹਿਣਾ ਸਿੱਖ”

ਉਸਦੀ ਸ਼ਾਇਰੀ ਸਿਮਰਤੀਆਂ ਦੇ ਰਾਹਾਂ ਤੇ ਜਗਦੇ ਚਿਰਾਗ ਵਾਂਗ ਹੈ ਜਿਸਨੂੰ ਕੋਈ ਵੀ ਅਣਗੌਲਿਆ ਨਹੀਂ ਕਰ ਸਕਦਾ। ਜੇਕਰ ਕੋਈ ਉਸਨੂੰ ਨਜ਼ਰ ਅੰਦਾਜ਼ ਕਰਕੇ ਲੰਘਣ ਦਾ ਯਤਨ ਵੀ ਕਰੇ ਤਾਂ ਉਹ ਬੋਲਦਾ ਚਿਰਾਗ਼ ਬਣ ਜਾਂਦਾ ਹੈ ਕਿਉਂਕਿ ਉਸਦਾ ਵਜੂਦ ਹਨ੍ਹੇਰੇ ਦਾ ਜਾਇਆ ਨਹੀਂ ਸਗੋਂ ਖ਼ੁਦ ਬਲ ਕੇ ਰੌਸ਼ਨੀ ਦੇਣ ਵਾਲਾ ਹੈ। ਉਸਨੂੰ ਇਸ ਗੱਲ ਦਾ ਵੀ ਇਲਮ ਹੈ ਕਿ ਧਰਤੀ ਵਿਚ ਉੱਗਣ ਅਤੇ ਗਮਲੇ ਵਿਚ ਖਿੜਨ ਦਾ ਕੀ ਅੰਤਰ ਹੈ। ਇਸੇ ਕਰਕੇ ਉਹ

ਵੱਖ-ਵੱਖ ਫੈਸ਼ਨ ਪਰੇਡਾਂ ਵਿਚ ਗੁਆਚੀਆਂ ਮੁਟਿਆਰਾਂ ਨੂੰ ਜ਼ਿੰਦਗੀ ਦੀ ਰਹਿਤਲ ਤੋਂ ਭਟਕੀਆਂ ਆਖਣ ਦੇ ਸਮਰੱਥ ਹੈ। ਉਸ ਦੀ ਦਸਤਕ ਔਰਤ ਦੇ ਜਿਸਮ ਉੱਪਰ ਨਹੀਂ ਸਗੋਂ ਉਸ ਦੀ ਸੁੱਤੀ ਰੂਹ ਉੱਪਰ ਹੈ ਕਿਉਂਕਿ ਜਿਸਮ ਤਾਂ ਭਟਕਦੇ ਫਿਰਦੇ ਹਨ, ਰੂਹਾਂ ਘੂਕ ਸੁੱਤੀਆਂ ਪਈਆਂ ਹਨ।

ਜਸਪਾਲਜੀਤ ਦੀਆਂ ਨਿੱਕੀਆਂ ਕਵਿਤਾਵਾਂ ਤਪਦੀ ਧਰਤੀ 'ਤੇ ਵਰ੍ਹਦੀਆਂ ਉਨ੍ਹਾਂ ਪਹਿਲੀਆਂ ਕਣੀਆਂ ਵਾਂਗ ਹਨ, ਜਿਨ੍ਹਾਂ ਵਿਚੋਂ ਸੋਂਧੀ ਮਿੱਟੀ ਦੀ ਮਹਿਕ ਆਉਂਦੀ ਹੈ। ਸ਼ਾਇਦ ਇਸੇ ਕਰਕੇ ਮੈਨੂੰ ਉਸ ਦਾ ਅੰਦਾਜ਼ ਪਿਆਰਾ ਲੱਗਦਾ ਹੈ। ਸਿਰਜਕ ਨੂੰ ਇਹ ਮੁਕਾਮ ਬਹੁਤ ਮੁਸ਼ਕਲ ਨਾਲ ਨਸੀਬ ਹੁੰਦਾ ਹੈ। ਇਸ ਰਚਨਾ ਨੂੰ ਖੁਸ਼ਆਮਦੀਦ ਆਖਦਿਆਂ ਮੈਨੂੰ ਚੰਗਾ-ਚੰਗਾ ਮਹਿਸੂਸ ਹੋ ਰਿਹਾ ਹੈ ਕਿਉਂਕਿ ਮੈਨੂੰ ਇਸ ਸ਼ਾਇਰ ਦੀ ਇਸ ਰਚਨਾ ਵਿਚੋਂ ਭਵਿੱਖ ਦੇ ਨਵੇਲੇ ਨਕਸ਼ਾਂ ਦੀ ਸੋਅ ਪਈ ਹੈ। ਸ਼ਾਇਰੀ ਦੇ ਇਸ ਸੁੱਚੇ ਪਰਾਗੇ ਨੂੰ ਮੇਰਾ ਸਲਾਮ।

ਗੁਰਭਜਨ ਗਿੱਲ<br>ਸੀਨੀਅਰ ਮੀਤ ਪ੍ਰਧਾਨ,<br>ਪੰਜਾਬੀ ਸਾਹਿਤ ਅਕਾਡਮੀ,<br>ਲੁਧਿਆਣਾ

# ਤਤਕਰਾ


| | | |
|---|---|---|
| 1. | ਜ਼ਫ਼ਰਨਾਮਿਆਂ ਦੀ ਸਿਰਜਣਾ ਦਾ ਦੌਰ | 15 |
| 2. | ਪਾਗਲ ਹਵਾ | 17 |
| 3. | ਅਲਵਿਦਾ | 18 |
| 4. | ਕੈਨਵਸ 'ਤੇ ਡੁੱਲ੍ਹੇ ਰੰਗ | 19 |
| 5. | ਖ਼ਾਮੋਸ਼ੀ, ਇਕੱਲਤਾ ਤੇ ਬੇਚੈਨੀ | 20 |
| 6. | ਘਰਾਂ ਤੋਂ ਦੂਰ | 21 |
| 7. | ਚੁੱਪ ਦੇ ਤਹਿਖਾਨਿਆਂ 'ਚੋਂ | 22 |
| 8. | ਮੇਰੀ ਮਾਂ | 23 |
| 9. | ਮਰਸੀਆਂ-1 | 24 |
| 10. | ਮਰਸੀਆ-2 | 27 |
| 11. | ਸੋਚ ਤੇ ਸੰਕਲਪ | 29 |
| 12. | ਹੋਂਦ/ਮਿੱਟੀ | 30 |
| 13. | ਮਾਇਆਵਤੀ | 31 |
| 14. | ਹੋਂਦ ਬਨਾਮ ਔਰਤ | 32 |
| 15. | ਪਰਛਾਵੇਂ | 33 |
| 16. | ਪ੍ਰਸ਼ਨ ਚਿੰਨ੍ਹ | 34 |
| 17. | ਸ਼ਬਦ | 35 |
| 18. | ਗੁਆਚੇ ਵਿਅਕਤੀਤਵ ਦੀ ਤਲਾਸ਼ | 36 |
| 19. | ਰੰਗਾਂ ਦੀ ਦਾਸਤਾ | 37 |
| 20. | ਅਲਵਿਦਾ ਤੋਂ ਬਾਅਦ | 38 |
| 21. | ਉਹ | 40 |
| 22. | ਰਿਸ਼ਤਿਆਂ ਦੇ ਦਾਇਰਿਆਂ 'ਚੋਂ | 41 |
| 23. | ਖਾਮੋਸ਼ ਮੁਹੱਬਤ ਦਾ ਮਾਨਚਿੱਤਰ | 42 |
| 24. | ਕੁੜੀਆਂ-1 | 43 |

| | | |
|---|---|---|
| 25. | ਹੋਂਦ ਦਾ ਨਿੱਘ | 44 |
| 26. | ਖ਼ਲਲ | 45 |
| 27. | ਮਾਂ | 46 |
| 28. | ਮੁਹੱਬਤ ਦੇ ਨਕਸ਼ | 47 |
| 29. | ਕਵਿਤਾ/ਸੰਵਾਦ | 48 |
| 30. | ਬੇਤਰਤੀਬੇ ਭਾਵ | 49 |
| 31. | ਖ਼ਤਾਂ ਦੀ ਇਬਾਰਤ | 50 |
| 32. | ਤਲਿਸਮੀ ਕਸ਼ਿਸ਼ | 51 |
| 33. | ਬਾਬਾ ਜੀਵਨ ਸਿੰਘ | 52 |
| 34. | ਗਗਨਾਂ ਤਕ ਵਿਸਥਾਰ | 53 |
| 35. | ਤੈਨੂੰ ਕੀ ਪਤੈ? | 54 |
| 36. | ਸਿਮਰਤੀਆਂ ਦੇ ਰਾਹਾਂ ’ਤੇ | 56 |
| 37. | ਮੈਂ ਕੌਣ ਹਾਂ? | 58 |
| 38. | ਪਾਵਰ ਵੋਮੈਨ | 62 |
| 39. | ਜ਼ਿੰਦਗੀ ਦੇ ਰਹਿਤਲ ਤੋਂ | 63 |
| 40. | ਦਫ਼ਤਰ ਵਿਚ ਉਸਦੀ ਦਸਤਕ | 64 |
| 41. | ਖ਼ਾਮੋਸ਼ ਹਾਦਸੇ | 66 |
| 42. | ਸੁਪਨੇ ਤੇ ਸੀਮਾਵਾਂ | 67 |
| 43. | ਦਾਸਤਾ-ਔਰਤ ਬਨਾਮ ਔਰਤ | 68 |
| 44. | ਕੋਸੀ ਧੁੱਪ | 74 |
| 45. | ਕਾਵਿ/ਪਾਠ | 75 |
| 46. | ਉਡੀਕ | 76 |
| 47. | ਬੂੰਦ ਤੋਂ ਬ੍ਰਹਿਮੰਡ | 77 |
| 48. | ਵਾਅਦੇ | 78 |
| 49. | ਨੀਲਾਂਬਰੀ ਛੋਹ | 79 |
| 50. | ਖਾਮੋਸ਼ੀ ਦੀ ਕਹਿਕਸ਼ਾ | 80 |
| 51. | ਨੀਂਦ ਤੇ ਸੁਪਨੇ | 81 |
| 52. | ਪੀੜ੍ਹ | 82 |
| 53. | ਹਾਦਸੇ ਤੇ ਪਰਛਾਵੇਂ | 83 |
| 54. | ਇੰਡੀਆ ਸ਼ਾਈਨਿੰਗ ਬਨਾਮ ਫੀਲ ਗੁੱਡ | 84 |

| | | |
|---|---|---|
| 55. | ਮੋਮਬੱਤੀਆਂ | 86 |
| 56. | ਸਕਰੀਨ | 87 |
| 57. | ਖ਼ੂਦੀ ਸ਼ਕਤੀਆਂ | 88 |
| 58. | ਕੌਣ ਹੈ? | 89 |
| 59. | ਆਰਕੈਸਟਰਾ | 90 |
| 60. | ਜ਼ਿੰਦਗੀ ਬਨਾਮ ਫੁੱਲ | 91 |
| 61. | ਪੂਰਨ | 92 |
| 62. | ਚਿੱਟ ਕੱਪੜੀਏ | 94 |
| 63. | ਬਿਖਰੀ ਕਵਿਤਾ | 95 |
| 64. | ਸਵੈ ਕਾਵਿ ਚਿੱਤਰ | 96 |
| 65. | ਦ੍ਵਵਤ ਸੰਵੇਦਨਾਵਾਂ | 97 |
| 66. | ਅਕੀਦਾ ਤੇ ਆਸਥਾ | 98 |
| 67. | ਵਿਰਾਨੀਆਂ | 99 |
| 68. | ਮੋਬਾਈਲ, ਨੈੱਟਵਰਕ ਅਤੇ ਫਰੈਂਡ ਸਰਕਲ | 100 |
| 69. | ਤਲਿਸਮੀ ਸਾਂਝ | 102 |
| 70. | ਕਲੋਨ/ਜਰੌਕਸ ਕਾਪੀਆਂ | 103 |
| 71. | ਕਿਤਾਬਾਂ | 104 |
| 72. | ਜਹਾਜ਼ਾਂ ਵਾਲੇ-1 | 105 |
| 73. | ਜਹਾਜ਼ਾਂ ਵਾਲੇ -2 | 106 |
| 74. | ਹਾਦਸਿਆਂ ਦੇ ਰੂ-ਬ-ਰੂ | 107 |
| 75. | ਇਕੱਲਤਾ ਦਾ ਸਾਹਿਰਾ | 108 |
| 76. | ਅਸੀਂ ਕਦ ਚਾਹਿਆ ਸੀ | 109 |
| 77. | ਮੁਹੱਬਤ/ਹੋਣੀ/ਹਾਦਸਾ | 110 |
| 78. | ਸਾਹਾਂ ਦਾ ਮਿਰਗ | 111 |
| 79. | ਚੁੱਪ ਦੀ ਜ਼ੁਬਾਨ | 112 |

## ਜ਼ਫ਼ਰਨਾਮਿਆਂ ਦੀ ਸਿਰਜਣਾ ਦਾ ਦੌਰ

ਜਬਰ ਤੇ ਦਹਿਸ਼ਤ ਦੀ ਤੇਜ਼
ਹਨੇਰੀ ਵਗੀ
ਅਨੰਦ ਮੰਗਲ
ਅਨੰਦਪੁਰ
ਖੰਡਰ ਬਣ ਗਿਆ।
'ਗੁਰੂ' ਅਤੇ ਪਿਆਰਿਆਂ
ਦੀਆਂ ਅਨੇਕਾਂ ਲਿਖਤਾਂ ਦੇ ਕੁਝ
ਪੰਨੇ
ਇਸ ਤੇਜ਼ ਹਨੇਰੀ ਵਿਚ
ਰੁੱਖਾਂ ਅਤੇ ਝਾੜੀਆਂ ਵਿਚ
ਜਾ ਫਸੇ
ਤੇ
ਕੁਝ ਸਰਸਾ ਦੇ ਪਾਣੀਆਂ ਵਿਚ ਵਹਿ ਗਏ
ਦੀਨਾ ਕਾਂਗੜ ਵਿਚ
ਗੁਰੂ ਜੀ ਨੇ ਫੇਰ
ਉਹ ਕਲਮ ਉਠਾਈ
ਸਰਸਾ ਦਾ ਪਾਣੀ
ਗੁਰੂ ਜੀ ਦੀ ਕਲਮ
ਵਿਚ ਸਿਆਹੀ
ਬਣ ਕੇ ਉਤਰ ਆਇਆ
ਤੇ ਉਹ ਪੰਨੇ ਜੋ ਰੁੱਖਾਂ ਅਤੇ
ਝਾੜੀਆਂ ਵਿਚ ਫਸੇ ਸਨ
ਧਰਤੀ ਦੀ ਹਿੱਕ 'ਤੇ
ਕਲਮਾਂ ਬਣ ਕੇ
ਉੱਗ ਆਏ
ਤੇ ਫਿਰ ਤੋਂ ਜ਼ਫ਼ਰਨਾਮਿਆਂ ਦੀ ਸਿਰਜਣਾ
ਦਾ ਦੌਰ ਸ਼ੁਰੂ ਹੋਇਆ

## ਪਾਗਲ ਹਵਾ

ਮੌਸਮ ਨੂੰ ਬਦਲ ਲੈਣ ਦੇ
ਹਾਲੇ ਪਾਗਲ ਹਵਾ
ਰਿਸ਼ਤਿਆਂ ਨੂੰ
ਇਸ਼ਤਿਹਾਰਾਂ ਵਿਚ
ਬਦਲਣ ਦੀ
ਜ਼ਿੱਦ ਕਰ ਰਹੀ ਹੈ।
ਅਜਿਹੇ ਸੰਗੀਨ ਮੌਸਮ ਵਿਚ
ਮੁਹੱਬਤ ਦਾ ਮਰਸੀਏ
ਵਿਚ ਤਬਦੀਲ
ਹੋਣਾ...
ਕਿਸੇ ਅਖ਼ਬਾਰੀ ਖ਼ਬਰ
ਵਾਂਗ
ਆਮ ਜਿਹੀ ਗੱਲ ਹੈ।
ਵੇਖੀ ਕਿਤੇ ਇਹ ਖ਼ੂਨ ਨਾਲ ਸਿਰਜੇ
ਰਿਸ਼ਤੇ
ਕਿਤੇ ਸਲੀਬ
ਨਾ ਬਣ
ਜਾਣ...
ਮੌਸਮ ਨੂੰ ਬਦਲ ਲੈਣ ਦੇ
ਪਾਗਲ ਹਵਾ ਹਾਲੇ
ਰਿਸ਼ਤਿਆਂ ਨੂੰ
ਇਸ਼ਤਿਹਾਰਾਂ ਵਿਚ
ਬਦਲਣ ਦੀ
ਜ਼ਿੱਦ ਕਰ ਰਹੀ ਹੈ।

## ਅਲਵਿਦਾ

ਅਲਵਿਦਾ ਸ਼ਬਦ ਹੀ ਨਹੀਂ
'ਸਮਰਪਣ' ਵੀ ਹੈ
ਆਪਣੇ ਆਪ ਨੂੰ
ਖ਼ਲਾਅ ਦੇ
ਰੂ-ਬ-ਰੂ ਕਰਨ ਦਾ।

## ਕੈਨਵਸ 'ਤੇ ਡੁੱਲੇ ਰੰਗ

ਪੱਛਮ ਵਿਚ ਸੂਰਜ
ਡੁੱਬ ਰਿਹਾ ਹੈ
ਕੈਨਵਸ 'ਤੇ ਡੁੱਲੇ
ਰੰਗਾਂ ਵਾਂਗ
ਸੂਰਜ ਦੀਆਂ ਕਿਰਨਾਂ
ਮੇਰੇ ਪਿੰਡ ਦੀਆਂ ਗਲੀਆਂ
ਦੇ ਕੱਕੇ ਰੇਤੇ 'ਤੇ ਪੈ ਰਹੀਆਂ ਹਨ।
ਮੇਰੇ ਘਰ ਦੇ ਰੁੱਖਾਂ 'ਤੇ
ਚਿੜੀਆਂ ਦੀ ਚਹਿਕ
ਹੋਰ ਉੱਚੀ ਹੋ ਰਹੀ ਹੈ।
ਜ਼ਿੰਦਗੀ ਪਲ ਪਲ
ਸਹਿਜਤਾ ਵਲ ਵਧ ਰਹੀ ਹੈ–
ਮੈਂ ਤਾਰਿਆਂ ਦੀ
ਉਡੀਕ ਵਿਚ
ਉਦਾਸ ਖੜ੍ਹਾ ਹਾਂ–

## ਖ਼ਾਮੋਸ਼ੀ, ਇਕੱਲਤਾ ਤੇ ਬੇਚੈਨੀ

ਖ਼ਾਮੋਸ਼ੀ–
ਇਕੱਲਤਾ–
ਉਦਾਸੀ–
ਬੇਚੈਨੀ–
ਆਵਾਰਗੀ–
ਮੇਰੀ ਮੁਹੱਬਤ
ਦਾ ਹਾਸਿਲ ਹੈ।
ਤੇਰੀ ਖ਼ਾਮੋਸ਼
ਮੁਹੱਬਤ
ਜੇ ਮੇਰੀ
ਹੋਂਦ ਦਾ
ਸਦੀਵੀ ਅੰਗ ਬਣ ਜਾਵੇ–
ਤਾਂ ਜ਼ਿੰਦਗੀ
ਕਿੰਨੀ ਖ਼ੂਬਸੂਰਤ ਹੋ ਜਾਵੇ।

## ਘਰਾਂ ਤੋਂ ਦੂਰ

ਘਰਾਂ ਤੋਂ ਦੂਰ
ਹੁੰਦਿਆਂ ਹੋਇਆਂ ਵੀ
ਘਰ ਤੁਹਾਡੇ
ਨਾਲ ਸਫ਼ਰ ਕਰ
ਰਿਹਾ ਹੁੰਦਾ ਹੈ।
ਘਰ ਦੀ ਆਕ੍ਰਿਤੀ
ਤੁਹਾਡੀ ਕਲਪਨਾ
ਦੇ ਸਾਂਚੇ ਵਿਚ
ਸਦੀਵੀ ਸੱਚ ਵਾਂਗ
ਸਦਾ ਹਾਜ਼ਰ
ਰਹਿੰਦੀ ਹੈ–
ਘਰਾਂ ਤੋਂ ਦੂਰ–
ਹਰ ਇਕ ਸ਼ਖ਼ਸ਼
ਘਰਾਂ ਦੀ ਤਲਾਸ਼
ਵਿਚ ਭਟਕਦਾ ਹੈ।
ਘਰ–
ਜਿਥੇ
ਜੇਕਰ–
ਤੁਹਾਡੀ ਕੋਈ ਵੀ ਉਡੀਕ ਨਾ
ਕਰ ਰਿਹਾ ਹੋਵੇ ਤਾਂ
ਤੁਹਾਡੀ ਮਾਂ
ਜ਼ਰੂਰ, ਤੁਹਾਨੂੰ
ਉਡੀਕ ਰਹੀ ਹੁੰਦੀ ਹੈ–
ਘਰਾਂ ਤੋਂ ਦੂਰ...

## ਚੁੱਪ ਦੇ ਤਹਿਖਾਨਿਆਂ 'ਚੋਂ

ਤੇਰੀ ਖ਼ਾਮੋਸ਼ ਮੁਹੱਬਤ
ਮੇਰੀ ਚੁੱਪ ਦੇ ਤਹਿਖਾਨਿਆਂ
ਅੰਦਰ ਪਸਰੀ–
ਬੇਚੈਨੀ ਨਾਲ
ਸੰਵਾਦ ਰਚਾ ਰਹੀ ਹੈ–
.............
ਤੇਰੀ ਹੋਂਦ ਦਾ ਅਹਿਸਾਸ
ਮੇਰੀਆਂ ਚਿੱਤਕਬਰੀ
ਛਾਵਾਂ ਵਿਚੋਂ
ਆਪਣੇ ਹਿੱਸੇ ਦਾ
ਨਿੱਘ ਤਲਾਸ਼ ਰਿਹਾ ਹੈ।
................
ਹਰ ਵਾਰ ਜਦੋਂ ਅਸੀਂ ਮਿਲਦੇ ਹਾਂ
ਤਾਂ ਕੁਝ ਇਸ ਤਰ੍ਹਾਂ
ਦਾ ਹੀ
ਵਾਪਰਦਾ ਹੈ....

## ਮੇਰੀ ਮਾਂ

ਮੇਰੀ ਮਾਂ
ਕੈਲੰਡਰਾਂ ਦੇ ਭੁੱਲ
ਭਲੱਈਏ ਵਿਚ
ਮੇਰਾ ਜਨਮ ਦਿਨ
ਭੁੱਲ ਗਈ ਹੈ।
ਜਦੋਂ ਮੈਂ ਹਰ ਸਾਲ
ਉਸ ਨੂੰ ਆਪਣੇ
ਜਨਮ ਦਿਨ–
ਬਾਰੇ ਦੱਸਦਾ ਹਾਂ ਤਾਂ
ਉਹ ਮੈਨੂੰ ਮਿੱਠੀ ਜਿਹੀ
ਝਿੜਕ ਦਿੰਦੀ ਹੈ
"ਐਨੇ ਵਰ੍ਹਿਆਂ ਦਾ ਨਾਂਹ
ਹੋ ਗਿਆ।"
ਮੇਰੇ ਅੰਦਰਲਾ
ਖ਼ਲਾਅ ਹਰ ਵਰ੍ਹੇ
ਨਾਲ ਹੋਰ ਵੱਡਾ ਹੋ
ਜਾਂਦਾ ਹੈ।
ਮੈਂ ਆਪਣੀਆਂ ਮਾਂ ਦੀਆਂ
ਨਜ਼ਰਾਂ ਵਿਚ ਹਾਲੇ ਵੀ
ਬੱਚਾ ਹਾਂ।
ਵਿਹੜੇ ਦੀ ਮਿੱਟੀ ਵਿਚ
ਆਪਣੇ ਵਜੂਦ
ਦੀ ਸੁਗੰਧ ਬਿਖੇਰਦਾ
ਮੇਰੀ ਮਾਂ ਕੈਲੰਡਰਾਂ ਦੇ
ਭੁੱਲ ਭਲੱਈਏ ਵਿਚ
ਮੇਰਾ ਜਨਮ ਦਿਨ
ਭੁੱਲ ਗਈ ਹੈ–

## ਮਰਸੀਆਂ-1

*(ਪ੍ਰੋ. ਹਰਜਿੰਦਰ ਸਿੰਘ ਮੱਦੋਕੇ ਦੇ ਨਾਂ)*

ਇਹ ਕੇਹੀ ਕਾਲੀ ਰੁੱਤ ਸੀ
ਜੋ ਬਰਛੀ ਬਣ ਸਾਡੇ
ਸੀਨਿਆਂ ਵਿਚੋਂ ਪਾਰ
ਹੋ ਗਈ।
ਤੇ ਇਕ ਸਹਿਕਦੀ ਵੇਦਨਾ
ਸਾਡੀ ਚੇਤਨਾ ਦਾ
ਸਦੀਵੀ ਅੰਗ ਬਣ ਗਈ।
ਇਹ ਕੇਹੀ ਹਵਾ ਸੀ।
ਜੋ ਮਹਿਕ ਦੀ ਰੁੱਤੇ
ਜ਼ਖ਼ਮਾਂ ਦਾ ਸਿਲਸਿਲਾ
ਸ਼ੁਰੂ ਕਰ ਗਈ।
ਇਹ ਕੇਹਾ ਦਿਨ ਸੀ
ਜੋ ਸਾਡੇ ਸਾਹਾਂ ਦਾ ਤਿਹਾਇਆ ਸੀ
ਤੇ ਸਾਨੂੰ ਸਾਡੇ ਗੀਤਾਂ
ਦੀ ਮੌਤ 'ਤੇ ਆਪ ਹੀ ਆਪਣੇ
ਮਰਸੀਏ ਲਿਖਣੇ ਪਏ।
ਇਹ ਕੇਹੀ
ਟੂਣੇਹਾਰੀ ਸ਼ਾਮ ਸੀ
ਜਿਸ ਦੀ ਲਾਲੀ ਦਾ ਮੁਹਾਂਦਰਾ
ਸਾਡੇ ਖ਼ੂਨ ਨਾ ਮਿਲਦਾ ਸੀ।
ਇਹ ਕੇਹੀ ਕਾਲੀ ਰੁੱਤ ਸੀ
ਜੋ ਬਰਛੀ ਬਣ ਸਾਡੇ
ਸੀਨਿਆਂ 'ਚੋਂ
ਪਾਰ ਹੋ ਗਈ

## ਮਰਸੀਆ-2

ਬੜੀ ਉਦਾਸ ਹੈ
ਤੇਰੀ ਮਾਂ
ਤੇਰੇ ਤੁਰ ਜਾਣ ਤੋਂ ਪਿਛੋਂ
ਚੰਦਰਿਆਂ ਆਪ ਹੀ ਤਾਂ
ਗਾਉਂਦਾ ਹੁੰਦਾ ਸੀ
"ਮਾਵਾਂ ਠੰਡੀਆਂ ਛਾਵਾਂ"
ਤੇ ਹੁਣ ਆਪ ਹੀ ਇਸ ਛਾਂ
ਨੂੰ ਚਿਤਕਬਰੀ ਕਰ ਗਿਆ।
ਹੁਣ ਜਦੋਂ ਵੀ ਉਸ ਨੂੰ ਤੇਰੀ
ਯਾਦ ਆਉਂਦੀ ਐ
ਤਾਂ ਉਸ ਦੇ ਅੰਦਰੋਂ ਇਕ ਹੌਕਾ
ਜਿਹਾ ਨਿਕਲਦਾ ਹੈ
ਅੱਖਾਂ ਵਿਚ ਅੱਥਰੂ
ਜਿਵੇਂ ਪਥਰਾਅ ਗਏ ਹੋਣ
ਬੁੱਢੇ ਹੱਥ ਜਦੋਂ ਸੋਟੀ ਲੱਭਦੇ ਹਨ
ਤਾਂ ਕਈ ਵਾਰੀ
ਕੰਧਾਂ ਨਾਲ ਜਾ ਟਕਰਾਉਂਦੇ ਨੇ–
ਉਹ ਤਾਂ ਵੇਖਣਾ
ਚਾਹੁੰਦੀ ਸੀ
ਤੇਰੇ ਸਿਰ 'ਤੇ ਸਜਿਆ ਸਿਹਰਾ
ਤੇ ਵਿਹੜੇ ਵਿਚ
ਝਾਂਜਰਾਂ ਅਤੇ ਕਿਲਕਾਰੀਆਂ
ਦਾ ਸ਼ੋਰ
ਪਰ ਵਿਚਾਰੀ ਨੂੰ ਕੀ
ਪਤਾ ਸੀ ਕਿ
ਇਸ ਸ਼ਗਨਾਂ ਦੇ ਰੁੱਤੇ
ਉਨ੍ਹਾਂ ਦੇ ਵਿਹੜੇ
ਦੀ ਚੰਦਰੀ ਮਿੱਟੀ ਵਿਚ
ਮਰਸੀਏ ਉੱਘ ਆਉਣਗੇ।

## ਸੋਚ ਤੇ ਸੰਕਲਪ

ਹੁਣ ਤਾਂ ਯਾਰੋ ਇੰਝ
ਮਹਿਸੂਸ ਹੁੰਦਾ ਹੈ–
ਜਿਵੇਂ ਮੇਰਾ ਸਿਰ ਧੜ
ਤੋਂ ਵੱਖ ਹੋ ਗਿਆ ਹੋਵੇ।
ਤੇ ਸੋਚ
ਸੰਕਲਪਾਂ ਦੀ ਗਹਿਰਾਈ
ਵਿਚ ਵਿਚਰਦੇ ਸੱਚ ਨੂੰ
ਪਕੜਨ ਤੋਂ
ਅਸਮਰਥ ਹੋ ਗਈ ਹੋਵੇ–
ਹੁਣ ਪਤਾ ਲਗਿਐ
ਜ਼ਿੰਦਗੀ ਦੇ ਯਥਾਰਥ ਸਾਹਮਣੇ
ਆਦਰਸ਼ ਕਿੰਨੇ ਪਤਲੇ ਹੁੰਦੇ ਹਨ।
ਤੇ ਵਕਤ ਦੀ ਅਵਾਜ਼ ਵੀ–
ਸ਼ਾਇਦ ਇਹ ਹੀ ਕਹਿ ਰਹੀ ਹੈ।
“ਵਗਦੇ ਪਾਣੀਆਂ ਵਿਚ ਖ਼ਲਲ
ਨਾ ਬਣ
ਆਪਣੇ ਵਿਚਾਰਾਂ ਤੇ ਆਦਰਸ਼ਾਂ
ਨੂੰ ਕੰਢੇ ’ਤੇ ਰੱਖ ਕੇ
ਵਹਿੰਦੇ ਵਹਿਣਾ ਵਿਚ
ਵਹਿਣਾ ਸਿੱਖ।”

## ਹੋਂਦ/ਮਿੱਟੀ

ਮੈਂ ਤਾਂ ਗਮਲੇ ਵਿਚ
ਉਗਿਆ ਹੋਇਆ
ਇਕ ਪੌਦਾ ਹਾਂ
ਮੇਰੀਆਂ ਜੜ੍ਹਾਂ
ਮਿੱਟੀ ਵਿਚ ਹਨ
ਧਰਤੀ ਵਿਚ ਨਹੀਂ....

## ਮਾਇਆਵਤੀ

ਮਾਇਆਵਤੀ
ਦਲਿਤਾਂ ਦੀ ਨਹੀਂ
ਮਾਇਆ ਦੀ ਬੇਟੀ ਬਣ ਗਈ ਹੈ।
ਗਠਜੋੜਾਂ ਦੀ ਰਾਜਨੀਤੀ-
ਖੇਡਦੀ-
ਮਾਇਆਵਤੀ ਦੇ ਦੇਸ਼
ਦੀ ਅਬਾਦੀ ਵਾਂਗ
ਵਧ ਰਹੇ ਨੇ-
ਬੈਂਕ ਬੈਂਲੇਂਸ
ਮਾਇਅਵਤੀ
ਮੰਨੂਵਾਦ ਦੀ ਵਿਰੋਧੀ
ਸਿਰਜ ਰਹੀ ਹੈ।
ਆਧੁਨਿਕ ਮੰਨੂਵਾਦ
ਆਪਣੀ ਬੁਰਜਵਾ
ਸੋਚ ਨਾਲ ਸੁੱਟ ਰਹੀ ਹੈ-
ਭੋਲੇ ਭਾਲੇ ਲੋਕਾਂ ਨੂੰ
ਹਨੇਰ ਘਾਟੀਆਂ ਵਿਚ
ਉਸ ਦੇ ਗਲ
ਵਿਚ ਚਮਕਦੇ
ਹੀਰਿਆਂ ਦੇ ਹਾਰ-
ਸਿਆਸਤ ਦੇ ਗਲਿਆਰਿਆਂ ਵਿਚ
ਕਰ ਰਹੇ
ਦਲਿਤ ਵਿਰੋਧੀ ਸਾਜ਼ਿਸ਼ਾਂ

# ਹੋਂਦ ਬਨਾਮ ਔਰਤ

ਦਿਲ 'ਚ ਮਚਲਦੇ ਚਾਵਾਂ ਨੂੰ
ਕੁਝ ਜਜ਼ਬਿਆਂ ਨੂੰ
ਕੁਝ ਭਾਵਨਾਵਾਂ ਨੂੰ
ਦਿਲ ਦੇ ਕਿਸੇ ਵਿਰਾਨ
ਝਰੋਖੇ 'ਚ
ਦੱਬ ਲਵੀਂ
ਵੇਖੀ ਕਿਤੇ...
ਕੋਈ ਫ਼ੈਸਲਾ ਲੈਣ ਦਾ
ਗੁਨਾਹ ਨਾ ਕਰ ਬੈਠੀਂ
ਤੂੰ ਤਾਂ ਸਿਰਫ਼
ਰਹਿ ਸਕਦੀ ਏ
ਘਰ ਦੀ ਚਾਰਦੀਵਾਰੀ ਅੰਦਰ
ਤੇਰਾ ਹੱਸਣਾ
ਤੇਰੇ ਬਾਬਲ ਲਈ ਕੋਈ ਖਤਰਾ ਬਣ ਸਕਦਾ ਹੈ।
ਤੂੰ ਤਾਂ ਸਿਰਫ਼ ਰਹਿ
ਸਕਦੀ ਏ ਘਰ ਦੀ
ਚਾਰਦੀਵਾਰੀ ਵਿਚ
ਆਪਣੀਆਂ ਸੱਧਰਾਂ ਨੂੰ
ਤਿਲਾਂਜਲੀ ਦੇ ਕੇ
ਕੈਦੀਆਂ ਵਾਂਗ
ਕਿਉਂਕਿ ਤੇਰੇ 'ਤੇ
ਸਦੀਆਂ ਤੋਂ
ਦੋਸ਼ ਹੈ–
ਔਰਤ ਹੋਣ ਦਾ।

## ਪਰਛਾਵੇਂ

ਬੜਾ ਔਖਾ ਹੁੰਦਾ ਹੈ
ਸਭ ਕੁਝ ਪਿਛੇ ਛੱਡ ਕੇ
ਸਾਬਤ ਕਦਮਾਂ ਨਾਲ
ਅੱਗੇ ਵਧਣਾ–
ਬੜਾ ਔਖਾ ਹੁੰਦਾ ਹੈ
ਜ਼ਿੰਦਗੀ ਦੀਆਂ ਅੱਖਾਂ
ਵਿੱਚ ਅੱਖਾਂ ਪਾ ਕੇ
ਜਿਉਣਾ–
ਜਦੋਂ ਹਾਦਸੇ
ਪਰਛਾਂਵਿਆਂ ਨਾਲ
ਸਫ਼ਰ ਕਰਨ ਲੱਗ ਜਾਣ

# ਪ੍ਰਸ਼ਨ ਚਿੰਨ੍ਹ

ਮੈਂ ਤਾਂ ਅਜਿਹਾ
ਇਕ ਪ੍ਰਸ਼ਨ ਚਿੰਨ੍ਹ ਹਾਂ
ਕੇ ਤੁਸੀਂ ਮੈਨੂੰ
ਹਟਾਉਣ ਦੀ ਕੋਸ਼ਿਸ਼
ਵੀ ਕਰੋਗੇ ਤਾਂ...
ਮੈਂ ਪਿਘਲ ਜਾਵਾਂਗਾ
ਤੁਹਾਡੀ ਹੋਂਦ
ਦੇ ਪਸਾਰਾਂ ਤਕ

## ਸ਼ਬਦ

ਸ਼ਬਦਾਂ ਦਾ ਕੀ ਐ
ਸ਼ਬਦ ਤਾਂ ਵਿਚਾਰੇ
ਨਿਰੰਤਰ ਸਫ਼ਰ ਵਿਚ
ਰਹਿੰਦੇ ਹਨ–
ਸ਼ਬਦਾਂ ਦਾ ਕੀ ਐ...

## ਗੁਆਚੇ ਵਿਅਕਤੀਤਵ ਦੀ ਤਲਾਸ਼

ਮੈਂ ਆਪਣੇ ਗੁਆਚੇ ਵਿਅਕਤੀਤਵ ਦੀ
ਤਲਾਸ਼ 'ਚ ਹਾਂ
ਹੋਂਦ ਦੇ ਅਹਿਸਾਸ ਨਾਲ
ਜਦ ਵੀ ਭਾਵਾਂ ਦੀ ਭਟਕਣ ਤੇ
ਜਜ਼ਬਾਤਾਂ ਦੀ ਤਿਲਕਣ 'ਚੋਂ
ਨਿਕਲਣ ਲਈ ਅਹੁਲਦਾ ਹਾਂ ਤਾਂ
ਮੈਨੂੰ ਮੇਰੇ ਅੰਦਰੋਂ
ਕੁਝ ਤਿੜਕਦਾ ਮਹਿਸੂਸ ਹੁੰਦਾ ਹੈ
ਹਰ ਵਾਰ ਪੈਰ ਚਿੰਨ੍ਹ
ਮੇਰੇ ਵਲ ਹੀ ਪਰਤ ਆਉਂਦੇ ਹਨ
ਨਿਰਾਸ਼ਾ, ਵਿਸਾਦ-
ਅਸੰਤੁਸ਼ਟੀਆਂ ਦਾ ਸੰਵਾਦ ਮੇਰੇ
ਅੰਦਰ ਵਿਦਰੋਹੀ
ਹੁੰਦਾ ਜਾ ਰਿਹਾ ਹੈ
ਤੇ ਮੇਰੀ ਤਲਾਸ਼ ਦਾ ਸਵਾਲ
ਏਥੇ ਹੀ ਲਟਕ
ਕੇ ਰਹਿ ਜਾਂਦਾ ਹੈ।

## ਰੰਗਾਂ ਦੀ ਦਾਸਤਾ

ਰੰਗਾਂ ਦੀ ਵੀ ਆਪਣੀ ਹੀ
ਦਾਸਤਾ ਹੁੰਦੀ ਹੈ।
ਇਹ ਘੁਲ ਵੀ ਜਾਂਦੇ ਹਨ
ਤੇ ਆਪਣੀ ਹੋਂਦ ਦਾ
ਅਹਿਸਾਸ ਵੀ
ਕਰਵਾ ਜਾਂਦੇ ਹਨ।

## ਅਲਵਿਦਾ ਤੋਂ ਬਾਅਦ

ਬੜਾ ਕੁਝ ਬਾਕੀ ਛੱਡ
ਜਾਵਾਂਗਾ
ਅਲਵਿਦਾ ਤੋਂ ਬਾਅਦ
ਸੁੰਨ-ਮਸੁੰਨੇ ਰਾਹਵਾਂ
ਤੇ ਇਕ ਪੈਰ ਚਿੰਨ੍ਹ ਬਣ
ਤੁਹਾਡੇ ਜ਼ਿਹਨ ਵਿਚ
ਅਚੇਤ ਤਕ ਪਹੁੰਚ ਜਾਵਾਂਗਾ
ਜਦੋਂ ਤੁਸੀਂ ਆਪਣੇ
ਆਪ ਦੇ ਰੂ-ਬ-ਰੂ
ਹੋਵੋਗੇ ਤਾਂ...
ਬੜਾ ਖਾਲੀਪਣ ਜਿਹਾ ਮਹਿਸੂਸ ਕਰੋਗੇ।
ਵਕਤ ਨਾਲ ਭਾਵੇਂ ਮੈਂ ਅਰਥਾਂ ਦੇ ਦਵੰਦ
ਵਿਚ ਘਿਰਿਆ
ਇਕ ਸ਼ਬਦ ਬਣਕੇ
ਰਹਿ ਜਾਵਾਂਗਾ...
ਪਰ ਮਿਟ ਨਹੀਂ ਸਕਾਂਗਾ
ਆਪਣੇ ਅੰਦਰਲੇ ਰੇਗਿਸਤਾਨ
ਵਿਚ ਭਟਕਦਾ...
ਰੇਤ ਨਾਲ ਰੇਤ ਹੋ
ਦਿਸ਼ਾਹੀਣ ਹਨੇਰੀਆਂ ਰਾਹੀਂ
ਤੁਹਾਡੇ ਕੋਇਆ
ਤਕ ਫੈਲ ਜਾਵਾਂਗਾ
ਬੜਾ ਕੁਝ ਬਾਕੀ ਛੱਡ ਜਾਵਾਂਗਾ
ਅਲਵਿਦਾ ਤੋਂ ਬਾਅਦ

## ਉਹ

ਉਹਦੀ ਹਰ ਅਦਾ
ਮੌਸਮ ਵਰਗੀ ਸੀ
ਜੰਗਲ ਵਰਗੀ ਉਦਾਸੀ ਲੈ
ਮੌਨ ਅਵਸਥਾ ਵਿਚ ਜਿਉਣਾ
ਉਸ ਦਾ ਸੁਭਾਅ ਨਹੀਂ ਸੀ।
ਉਹ ਤਾਂ ਚਾਹੁੰਦੀ ਸੀ
ਧਰਤੀ ਤੇ ਖੜ ਕੇ
ਅੰਬਰ ਤੇ ਬਿਖਰੇ ਤਾਰਿਆਂ ਨੂੰ
ਇਕ ਨਜ਼ਰ ਵਿੱਚ ਗਿਣਨਾ
ਸਾਗਰਾਂ ਦੀ ਗਹਿਰਾਈ ਨੂੰ
ਇਕ ਨੀਝ ਨਾਲ
ਮਾਪਣਾ
ਤੇ ਮੈਂ ਆਪਣੇ ਅਸਤਿਤਵ
ਦਾ ਸਵਾਲ ਲੈ ਕੇ
ਉਹਦੇ ਨੈਣਾਂ 'ਚੋਂ ਕਿਰਦੀ
ਵਰਣਮਾਲਾ ਨੂੰ ਹਰਫ਼ਾਂ
ਤਕ ਲਿਜਾਂਦਾ ਹੋਇਆ
ਉਹਦੀ ਹਰ ਪਰਵਾਜ਼
ਵਿਚੋਂ ਮਨਫ਼ੀ ਹੋ
ਗਿਆ।
ਉਹਦੀ ਹਰ ਅਦਾ
ਮੌਸਮ ਵਰਗੀ ਸੀ।

## ਰਿਸ਼ਤਿਆਂ ਦੇ ਦਾਇਰਿਆਂ 'ਚੋਂ

ਤੂੰ ਮੈਨੂੰ ਰਿਸ਼ਤਿਆਂ ਦੇ ਦਾਇਰਿਆਂ
ਵਿਚ ਖੜਾ ਕਰ ਕੇ
ਨਾ ਵੇਖੀਂ
ਮੈਂ ਤਾਂ ਅਜ਼ਾਦ
ਫ਼ਿਜ਼ਾ ਵਿਚ
ਵਿਚਰਨਾ ਚਾਹੁੰਦਾ ਹਾਂ
ਬੇਨਾਮ ਹਵਾ ਵਾਂਗ
ਰੂਹਾਂ ਦੇ ਆਰ-ਪਾਰ
ਜਿਥੇ ਰਿਸ਼ਤੇ
ਸ਼ਾਬਦਿਕ ਮੰਥਨ
ਤੋਂ ਇਲਾਵਾ
ਕੁਝ ਵੀ ਨਹੀਂ।
ਤੂੰ ਮੈਨੂੰ ਰਿਸ਼ਤਿਆਂ ਦੇ ਦਾਇਰਿਆਂ
ਵਿਚ ਖੜ੍ਹਾ ਕਰ ਕੇ ਨਾ ਵੇਖੀ...

## ਖਾਮੋਸ਼ ਮੁਹੱਬਤ ਦਾ ਮਾਨਚਿੱਤਰ

ਤੇਰੀ ਖਾਮੋਸ਼ ਮੁਹੱਬਤ ਨੇ
ਮੈਨੂੰ ਦਿਤੀ ਹੈ–
ਕਾਇਨਾਤ ਦੀ ਅਨੰਤ
ਪਰਵਾਜ਼–
ਤੇਰੀ ਮੁਹੱਬਤ ਨੇ
ਚਿਤਰਿਆ ਹੈ–
ਮੇਰੀ ਖ਼ਲਾਅ 'ਚੋਂ
ਭਟਕਦੀ ਰੂਹ
ਤੇ ਅਹਿਸਾਸਾਂ
ਦਾ
ਮਾਨਚਿੱਤਰ...
ਤੇਰੀ ਖਾਮੋਸ਼ ਮੁਹੱਬਤ ਨੇ
ਮੈਨੂੰ ਦਿਤੀ ਹੈ...

## ਕੁੜੀਆਂ

*(ਅਮੀ, ਸ਼ੈਰੀ ਅਤੇ ਦੀਪ ਸ਼ਿਖਾ ਦੇ ਨਾਂ)*

ਕੁੜੀਆਂ ਤੁਹਾਡੇ
ਬੂਹੇ 'ਤੇ ਉੱਘੇ
ਅਜਿਹੇ
ਫੁੱਲ ਹਨ
ਜੋ ਤੁਹਾਨੂੰ ਜੋੜਦੀਆਂ ਹਨ–
ਰਿਸ਼ਤਿਆਂ ਦੇ
ਨਿੱਘੇ ਅਹਿਸਾਸ ਨਾਲ–
ਕੁੜੀਆਂ–
ਨੂੰ ਭਾਵੇਂ ਤੁਸੀਂ
ਚਿੜੀਆਂ ਹੀ ਕਹੋ–
ਪਰ ਉਨ੍ਹਾਂ ਦੇ
ਪਰਾਂ ਅੰਦਰ ਵੀ
ਕਸ਼ਿਸ਼ ਹੁੰਦੀ ਹੈ
ਨੀਲੇ ਗਗਨਾਂ
ਦੇ ਅਨੰਤ ਵਿਸਥਾਰ ਨੂੰ
ਪਾਰ ਕਰਨ ਦੀ।

## ਹੋਂਦ ਦਾ ਨਿੱਘ

ਤੇਰੇ ਖ਼ਤ ਪੜ੍ਹਨ ਤੋਂ
ਬਾਅਦ
ਤੇਰੀ ਹੋਂਦ ਦੇ ਅਹਿਸਾਸਾਂ
ਦਾ ਨਿੱਘ
ਮੇਰੇ ਅੰਦਰਲੇ
ਖ਼ਲਾਅ
ਨੂੰ ਭਰਦਾ ਰਹਿੰਦਾ ਹੈ।

## ਖ਼ਲਲ

ਮੈਂ
ਤੇਰੀ ਜ਼ਿੰਦਗੀ
ਵਿਚ ਕੋਈ
ਖ਼ਲਲ ਨਹੀਂ
ਇਕਸੁਰਤਾ
ਬਣਨਾ
ਚਾਹੁੰਦਾ ਹਾਂ।

## ਮਾਂ

ਮਾਂ
ਤੁਹਾਡੀ
ਹੋਂਦ ਦਾ
ਆਦਿ ਬਿੰਦੂ…

## ਮੁਹੱਬਤ ਦੇ ਨਕਸ਼

ਮੁਹੱਬਤ ਰੂਹ ਦਾ
ਰੱਜ ਨਹੀਂ
ਜਦੋਂ ਮੈਂ ਤੇਰੇ
ਨਕਸ਼ ਨੁਹਾਰਦਾ ਹਾਂ
ਤਾਂ ਤੂੰ...
ਮੈਨੂੰ ਕਵਿਤਾ
ਵਰਗੀ ਹੀ ਲਗਦੀ ਐ-
ਭਾਵਕ-
ਕੋਮਲ-
ਤੇ
ਮਾਸੂਮ.....

## ਕਵਿਤਾ/ਸੰਵਾਦ

ਜਦੋਂ ਮੈਂ
ਕਵਿਤਾ
ਪੜ੍ਹ ਰਿਹਾ
ਹੁੰਦਾ ਹਾਂ ਤਾਂ–
ਤੇਰੇ ਨਾਲ
ਨਿਰੰਤਰ
ਸੰਵਾਦ ਚਲ ਰਿਹਾ ਹੁੰਦਾ ਹੈ।

## ਬੇਤਰਤੀਬੇ ਭਾਵ

ਮੇਰੇ ਬੇਤਰਤੀਬੇ ਭਾਵਾਂ ਵਿਚ
ਕਵਿਤਾ ਵਰਗਾ
ਕੁਝ ਵੀ ਨਹੀਂ-
ਇਹ ਤਾਂ ਮਹਿਜ਼
ਭਟਕਦੇ ਭਾਵਾਂ
ਦੇ ਨਿਰਵਾਣ
ਦਾ ਮਹਿਜ਼
ਇਕ ਤਹੱਈਆ ਹੈ-
ਮੇਰੇ ਬੇਤਰਤੀਬੇ ਭਾਵਾਂ
ਵਿਚ-
ਕਵਿਤਾ ਵਰਗਾ
ਕੁਝ ਵੀ ਨਹੀਂ...

## ਖ਼ਤਾਂ ਦੀ ਇਬਾਰਤ

ਤੇਰੇ ਖ਼ਤਾਂ ਦੀ ਇਬਾਰਤ
ਮੇਰੀ ਰੂਹ ਦੇ ਸਰਚਸ਼ਮਿਆਂ
ਵਿਚੋਂ ਕਵਿਤਾ ਬਣ
ਵਹਿ ਰਹੀ ਹੈ–
…………
ਤੇਰੇ ਖ਼ਿਆਲ ਮੈਨੂੰ
ਬਿੰਦੂ ਤੋਂ…
ਗਗਨਾਂ ਤਕ
ਵਿਸਥਾਰ ਰਹੇ ਨੇ–
………….
ਤੂੰ ਮੇਰੇ ਤੋਂ ਦੂਰ ਨਹੀਂ
ਤੂੰ ਮੇਰੇ
ਸਾਹਾਂ ਦੇ ਕਰੀਬ ਹੈਂ–
ਤੇਰੇ ਖ਼ਤਾਂ ਦੀ ਇਬਾਰਤ
ਮੇਰੀ ਰੂਹ ਦੇ ਸਰਚਸ਼ਮਿਆਂ
ਵਿਚੋਂ ਕਵਿਤਾ ਬਣ ਵਹਿ ਰਹੀ ਹੈ।–

## ਤਲਿਸਮੀ ਕਸ਼ਿਸ਼

ਹਰ ਵਾਰ ਜਦੋਂ ਵੀ ਤੂੰ
ਮਿਲਦੀ ਐਂ–
ਤਾਂ ਇਕ ਕਸ਼ਿਸ਼ ਜਿਹੀ
ਬਾਕੀ ਰਹਿ ਜਾਂਦੀ ਹੈ–
ਤੇ ਮੈਂ ਤਲਾਸ਼ਦਾ ਰਹਿੰਦਾ ਹਾਂ
ਤੇਰੇ ਵਿਚੋਂ
ਇਸ ਤਲਿਸਮੀ
ਖਿੱਚ ਦੇ
ਵੇਗ ਦੇ
ਕਾਰਨਾਂ ਨੂੰ
ਹਰ ਵਾਰ ਜਦੋਂ ਵੀ ਤੂੰ
ਮਿਲਦੀ ਐਂ...

## ਬਾਬਾ ਜੀਵਨ ਸਿੰਘ

ਬਾਬਾ ਜੀਵਨ ਸਿੰਘ
ਸਿੱਖ ਇਤਿਹਾਸ ਦੇ
ਪੰਨਿਆਂ 'ਤੇ
ਬਿਖਰੀ ਇਕ ਗੌਰਵਗਾਥਾ
ਜਿਸ ਨੂੰ ਇਤਿਹਾਸਕਾਰਾਂ
ਨੇ ਕਲਮ ਦੀ ਚਰਖੜੀ
ਤੇ ਚਾੜ੍ਹ ਕੇ
ਖੰਡ-ਖੰਡ
ਕਰ ਦਿਤਾ...

# ਗਗਨਾਂ ਤਕ ਵਿਸਥਾਰ

ਨਾ
ਘਰ–
ਨਾ–ਘਰ ਦਾ ਸੁਪਨਾ
ਨਾ–ਦੌਲਤ
ਕਿੰਨਾ ਗਰੀਬ ਸੀ ਮੈਂ
ਜ਼ਿੰਦਗੀ ਨਾਲ ਇਕ ਹਾਰੇ
ਹੋਏ ਸਿਪਾਹੀ ਵਾਂਗ
ਲੜ ਰਿਹਾ ਸੀ–
ਤੇਰੀ ਖ਼ਾਮੋਸ਼ ਮੁਹੱਬਤ ਨੇ
ਦਿੱਤਾ–
ਮੇਰੀ ਰੂਹ ਦੀ ਰਹਿਤਲ ਤੇ ਬਿਖਰੀ
ਚੁੱਪ ਨੂੰ
ਜ਼ਿੰਦਗੀ ਦਾ ਅਹਿਸਾਸ
ਤੇਰੀ ਖ਼ਾਮੋਸ਼ ਮੁਹੱਬਤ ਨੇ
ਮੈਨੂੰ ਦਿੱਤਾ
ਬਿੰਦੂ ਤੋਂ ਗਗਨਾਂ ਤੱਕ
ਵਿਸਥਾਰ
ਤੇ ਅੱਜ ਸੋਚਦਾ ਹਾਂ
ਮੈਂ ਕਿੰਨ੍ਹਾ ਅਮੀਰ ਹਾਂ....

## ਤੈਨੂੰ ਕੀ ਪਤੈ?

ਤੈਨੂੰ ਕੀ ਪਤੈ?
ਖੱਬਲ ਦੀਆਂ ਤਿੜ੍ਹਾਂ ਵਾਂਗ ਵਧਦੇ
ਇਹ ਚੋਣ ਨਿਸ਼ਾਨ ’ਤੇ
ਹਵਾ ’ਚ ਲਹਿਰਾਉਂਦੇ ਇਹ
ਝੰਡੇ
ਕਿੰਨੇ ਖ਼ਤਰਨਾਕ ਹੁੰਦੇ ਹਨ।
ਤੈਨੂੰ ਸ਼ਾਇਦ ਇਸ ਗੱਲ
ਦਾ ਅਹਿਸਾਸ ਨਹੀਂ ਹੋਣਾ–
ਕੇ ਕਿਵੇਂ ਸਾਡੇ ਚਾਅ, ਸੁਪਨੇ
ਅਤੇ ਸੱਧਰਾਂ
ਭਾਦੋਂ ਦੀ ਬਰਾਨੀ ਕਪਾਹ ਦੀਆਂ
ਫੁੱਟੀਆਂ ਵਾਂਗ
ਰੇਤ ਨਾਲ ਰੇਤ ਹੋ ਜਾਂਦੇ ਹਨ।
ਸਾਡੀ ਸਰਦਾਰੀ ਤਾਂ ਚੋਣ ਨੋਟੀਫ਼ਿਕੇਸ਼ਨ
ਜਾਰੀ ਹੋਣ ਤੋਂ ਪਹਿਲਾਂ ਅਤੇ
ਮੋਹਰ ਲਾਉਣ ਦੇ ਰਸਤੇ
ਵਿਚ ਹੀ ਦਮ ਤੋੜ ਜਾਂਦੀਐ
ਤੇ ਅਗਲੇ ਸਾਨੂੰ
ਆਪਣੀਆਂ ਸਿਮਰਤੀਆਂ
ਵਿਚੋ...
ਚੋਣ ਮਨੋਰਥ ਪੱਤਰ ਵਿੱਚ
ਕੀਤੇ ਵਾਅਦਿਆਂ ਵਾਂਗ
ਭੁੱਲ ਜਾਂਦੇ ਹਨ
ਕਿਉਂਕਿ ਉਨ੍ਹਾਂ ਨੂੰ ਫਿਕਰ ਹੈ
ਦੇਸ਼ ਦੀ ਸਥਿਰਤਾ ਦਾ–
ਤੈਨੂੰ ਕੀ ਪਤੈ?

## ਸਿਮਰਤੀਆਂ ਦੇ ਰਾਹਾਂ 'ਤੇ

ਮੈਂ
ਇੰਝ ਨਜ਼ਰ ਚੁਰਾ ਕੇ ਲੰਘ ਜਾਣ
ਨਾਲ ਹੀ ਤਾਂ
ਨਜ਼ਰ ਅੰਦਾਜ਼ ਨਹੀਂ ਹੋ ਜਾਵਾਂਗਾ।
ਸਗੋਂ ਮੈਂ ਖੜ੍ਹਾ ਹੋਵਾਂਗਾ
ਸਿਮਰਤੀਆਂ ਦੇ
ਹਰ ਮੋੜ 'ਤੇ
ਇਕ ਪ੍ਰਸ਼ਨ ਚਿੰਨ੍ਹ ਵਾਂਗ
ਚਿਹਨਕ ਤੋਂ ਚਿਹਨਤ ਵਿਚਕਾਰ
ਲਟਕਦਾ–
ਕਿਸੇ ਚਿੰਨ੍ਹ ਦੀ ਹੋਂਦ
ਲਈ ਭਟਕਦਾ।
ਤੇ ਜਦ ਵੀ ਇੰਝ ਵਾਪਰਦਾ ਹੈ।
ਤਾਂ ਅਤੀਤ ਆਪਣੇ ਆਪ ਨੂੰ
ਫਿਰ ਦੁਹਰਾ ਕੇ
ਹੱਸ ਲੈਂਦਾ ਹੈ।
ਸਾਡੀ ਇਸ ਜ਼ਿਹਨੀ
ਜ਼ਿਆਦਤੀਆਂ 'ਤੇ
ਇਹ ਤਾਂ ਤੇਰਾ
ਮਹਿਜ਼ ਭਰਮ ਹੈ
ਆਪਣੀ ਕਲਪਨਾ
ਦਾ ਸਿਰਜਿਆ ਹੋਇਆ
ਮੈਂ ਇੰਝ ਨਜ਼ਰ ਚੁਰਾ ਕੇ
ਲੰਘ ਜਾਣ ਨਾਲ ਹੀ ਤਾਂ
ਨਜ਼ਰ ਅੰਦਾਜ਼ ਨਹੀਂ
ਹੋ ਜਾਵਾਂਗਾ।

## ਮੈਂ ਕੌਣ ਹਾਂ?

ਜਦੋਂ ਮੈਂ ਇੰਨ੍ਹਾਂ ਪੈਲੀਆਂ
ਦੀ ਹਿੱਕ 'ਤੇ ਫ਼ਸਲਾਂ ਲਹਿਲਹਾਦੀਆਂ
ਤੱਕਦਾ ਹਾਂ-
ਤਾਂ ਮੇਰਾ ਦਿਲ ਵੀ ਕਰਦੈ-
ਵੱਟਾਂ 'ਤੇ ਖੜ੍ਹ ਕੇ ਮਿਰਜ਼ੇ
ਦੀਆਂ ਹੇਕਾਂ ਲਾਉਣ ਨੂੰ-
ਇਨ੍ਹਾਂ ਫ਼ਸਲਾਂ ਨੂੰ ਮੈਂ ਆਪਣੇ
ਖ਼ੂਨ ਨਾਲ ਸਿੰਜਿਆ ਹੈ-
ਜੇ ਤੁਹਾਨੂੰ ਇਤਬਾਰ ਨਹੀਂ ਤਾਂ
ਇਨ੍ਹਾਂ ਫ਼ਸਲਾਂ ਹੇਠ
ਫੈਲੀ ਮਿੱਟੀ ਵਿਚੋਂ-
ਉਠਦੀ ਸੁਗੰਧ ਨੂੰ
ਮਹਿਸੂਸ ਕਰ ਕੇ ਵੇਖੋ-
ਤੁਹਾਨੂੰ ਇਸ ਮਿੱਟੀ ਵਿਚੋਂ
ਮੇਰੇ ਪਿੰਡੇ ਦੇ ਮੁੜਕੇ ਦੀ
ਖ਼ੁਸ਼ਬੋ ਆਵੇਗੀ।
ਇਨ੍ਹਾਂ ਫ਼ਸਲਾਂ ਲਈ ਮੈਂ
ਆਪਣੀ ਜ਼ਿੰਦਗੀ ਵਿਚੋਂ
ਆਪਣੀ ਪਤਨੀ ਅਤੇ ਬੱਚਿਆਂ ਦੇ
ਹਿੱਸੇ ਆਉਂਦੇ ਪਲ ਵੀ
ਕੁਰਬਾਨ ਕੀਤੇ ਹਨ।
ਮੈਂ ਇਨ੍ਹਾਂ ਫ਼ਸਲਾਂ ਲਈ ਕੜਕਦੀਆਂ
ਠੰਡਾਂ ਵਿਚ ਵੀ ਪਹਿਰੇਦਾਰੀ ਕੀਤੀ ਹੈ
ਕਿ ਕਿਤੇ ਕੋਈ ਕਾਲੀ ਰਾਤ
ਇਨ੍ਹਾਂ ਦਾ ਚੀਰ ਹਰਨ ਨਾ ਕਰ ਲਵੇ
ਇਨ੍ਹਾਂ ਫ਼ਸਲਾਂ ਲਈ ਮੈਂ ਭੁੱਲ ਗਿਆ ਹਾਂ-
ਘਰ ਅਤੇ ਜ਼ਿੰਦਗੀ ਦੇ

ਅਰਥਾਂ ਨੂੰ
ਘਰ– ਕਿ ਜਿਸ ਨੂੰ ਤਲਾਸ਼ਦੇ ਮੇਰੇ
ਪੁਰਖੇ ਜ਼ਿੰਦਗੀ ਨੂੰ ਅਲਵਿਦਾ ਕਹਿ ਗਏ
ਤੇ ਅੱਜ ਅਣਹੋਇਆਂ ਵਾਂਗ
ਉਨ੍ਹਾਂ ਦਾ ਨਾਂ ਇਸ ਪਿੰਡ ਦੀ
ਤਵਾਰੀਖ ਵਿਚੋਂ ਅਜਨਬੀਆਂ
ਵਾਂਗ ਗੁੰਮ ਗਵਾਚ ਗਿਆ ਹੈ।
.......................
ਰੋਜ਼ ਜਦੋਂ ਪੂਰਬ ਵਿਚੋਂ
ਸੂਰਜ ਦੀਆਂ ਨਿੱਘੀਆਂ ਕਿਰਨਾਂ
ਮੇਰੇ ਘਰ ਦੀਆਂ ਕੱਚੀਆਂ
ਕੰਧਾਂ ’ਤੇ ਪੈਂਦੀਆਂ ਹਨ ਤਾਂ
ਮੇਰੇ ਵਾਂਗ ਠੁਰ ਠੁਰ ਕਰਦੀਆਂ ਇਹ ਵੀ
ਸਿਮਟ ਜਾਂਦੀਆਂ ਹਨ
ਆਪਣੀ ਹੋਂਦ ਦੇ ਆਦਿ ਬਿੰਦੂਆਂ
ਦੁਆਲੇ–
.......................
ਵਕਤ ਜਦੋਂ ਤੁਹਾਡੇ ਮੱਥੇ ’ਤੇ
ਬੇਬਸੀ ਦੀ ਇਬਾਰਤ ਲਿਖ
ਜਾਵੇ ਤਾਂ
ਜ਼ਿੰਦਗੀ ਸਰਾਪ ਬਣ ਕੇ
ਰਹਿ ਜਾਂਦੀ ਹੈ।
.....................
ਜਦੋਂ ਸਵੇਰੇ ਕੌਲੇ ਨਾਲ ਬੈਠਾ
ਆਪਣੇ ਕੌਲ੍ਹੇ ਵਿਚ ਲੱਸੀ ਤੇ
ਆਪਣੇ ਹੱਥਾਂ ਵਿਚ ਸੁੱਕੀਆਂ
ਰੋਟੀਆਂ ਵਲ ਵੇਖਦਾ ਹਾਂ ਤਾਂ...
ਮੇਰੀ ਨਜ਼ਰ ਪਲ ਪਲ
ਉੱਚੇ ਹੁੰਦੇ ਮਹਿਲਾਂ ਦੀਆਂ

ਮੰਮਟੀਆਂ ਨਾਲ ਟਕਰਾ ਕੇ–
ਇਕ ਤੜਫ਼ਦਾ ਅਹਿਸਾਸ
ਬਣ ਕੇ ਰਹਿ ਜਾਂਦੀ ਹੈ
.................
ਰੋਜ਼ ਅਖ਼ਬਾਰ ਦੀ ਸੁਰਖ਼ੀ
ਬਣੀ ਕਿਸਾਨ ਦੀ ਖ਼ੁਦਕੁਸ਼ੀ
ਦੀ ਖ਼ਬਰ
ਹੁਣ ਮੈਨੂੰ
ਪਹਿਲਾਂ ਵਾਂਗ
ਜਜ਼ਬਾਤੀ ਨਹੀਂ ਕਰਦੀ।
ਰੋਜ਼ ਕਿਸਾਨਾਂ ਦੀਆਂ ਫ਼ਸਲਾਂ
ਤੇ ਡਿਗਦੇ ਭਾਅ ਅਤੇ
ਰੋਸ ਰੈਲੀਆਂ ਵਿਚ ਸ਼ਾਮਲ
ਹੋਣ ਲਈ ਹੱਥਾਂ ਵਿਚ
ਫੜੇ ਝੰਡੇ ਅਤੇ ਨਾਅਰੇ
ਹੁਣ ਮੈਨੂੰ ਪਹਿਲਾਂ ਵਾਂਗ
ਖੌਫ਼ਜ਼ਦਾ
ਨਹੀਂ ਕਰਦੇ
.............
ਮੈਂ ਪਲ ਪਲ
ਜ਼ਿੰਦਗੀ ਦੇ ਹਨੇਰੇ
ਖੂਹ ਵਿਚ ਉਤਰਦਾ
ਖ਼ੁਦਕੁਸ਼ੀਆਂ ਦਾ
ਅਹਿਸਾਸ ਭੋਗ ਰਿਹਾ ਹਾਂ।
ਅਤੇ ਅਕਸਰ ਸੋਚਦਾ ਹਾਂ–
ਜਿਨ੍ਹਾਂ ਫ਼ਸਲਾਂ ਨੂੰ
ਮੈਂ ਆਪਣੇ ਖ਼ੂਨ ਨਾਲ
ਸਿੰਜਿਆ–
ਉਨ੍ਹਾਂ ਵਿਚੋਂ ਮੇਰੇ ਹਿੱਸੇ

ਦੀ ਖ਼ੁਸ਼ਹਾਲੀ ਨੂੰ
ਜਿਹੜੀ ਕਾਲੀ ਰਾਤ
ਨਿਗਲ ਰਹੀ ਹੈ।
ਜੇ ਕਿਸਾਨ ਦੇਸ਼ ਦਾ ਅੰਨਦਾਤਾ
ਹੈ ਤਾਂ
ਮੈਂ ਕੌਣ ਹਾਂ?

## ਪਾਵਰ ਵੋਮੈਨ

ਉਹ ਆਪਣੇ ਡਰਾਇੰਗ ਰੂਮ
ਵਿਚ ਲੱਗੇ ਸ਼ੀਸ਼ੇ ਵਿਚ
ਆਪਣੇ ਪਾਰਦਰਸ਼ੀ
ਅੰਗਾਂ ਨੂੰ ਨਹਾਰਦੀ ਹੋਈ
ਅਛੋਪਲੇ ਜਿਹੇ ਕਮਰੇ ਤੋਂ
ਬਾਹਰ ਆ ਜਾਂਦੀ ਹੈ।
ਬੱਚੇ ਚਾਇਲਡ ਕੇਅਰ ਸੈਂਟਰ
ਵਿਚ ਪਹੁੰਚ ਗਏ ਹਨ–
ਆਪਣੀ ਸਿਫ਼ੋਨ ਦੀ ਸਾੜ੍ਹੀ ਨੂੰ
ਸੰਭਾਲਦੀ ਹੋਈ ਉਹ
ਦਫ਼ਤਰ ਦੇ ਸਾਹਮਣੇ
ਆਪਣੀ ਕਾਰ ਪਾਰਕ ਕਰਦੀ ਹੈ।
ਆਪਣੇ ਉੱਚੀ ਅੱਡੀ
ਵਾਲੇ ਸੈਂਡਲਾਂ ਦੀ
ਖਟ ਖਟ ਉਸ ਅੰਦਰ
ਅਨਾਦੀ ਧੁਨਾਂ ਛੇੜ
ਰਹੀ ਹੈ।
ਉਹ ਚਪੜਾਸੀਆਂ
ਚੌਕੀਦਾਰਾਂ
ਅਤੇ ਹੋਰ ਕਰਮਚਾਰੀਆਂ
ਦੀ ਸਲਾਮ ਦਾ
ਜਵਾਬ ਦਿੰਦੀ ਹੋਈ
ਆਪਣੀ ਕਾਰਪੋਰੇਟ ਚੇਅਰ ’ਤੇ
ਜਾ ਸੱਜਦੀ ਹੈ
ਕਿਸੇ ਵਸਤੂ ਵਾਂਗ

## ਜ਼ਿੰਦਗੀ ਦੇ ਰਹਿਤਲ ਤੋਂ

ਕੁੜੀਆਂ–ਇਕ ਪਾਸੇ
ਅਲਟਰਾ ਸਾਊਂਡ
ਤੇ ਮੱਧਕਾਲੀ ਸੰਸਕਾਰ
ਤੇ ਦੂਜੇ ਪਾਸੇ ਬਜ਼ਾਰ–
ਲੈਕਮੀ–
ਪੌਂਡਸ–
ਫੇਅਰ ਐਂਡ ਲਵਲੀ
ਰੀਜੋਸ–
ਮਿਸ ਫੈਮਿਨਾ
ਮਿਸ ਇੰਡੀਆ
ਮਿਸ ਯੂਨੀਵਰਸ
.............
ਕਰੈਸ ਡਾਇਟਿੰਗ
ਸਲਿਮ ਬੌਡੀ
ਅੰਬਰਾਂ ਨੂੰ ਛੋਹਣ ਦੇ ਸੁਪਨੇ
ਲੈਂਦੀ ਕਿਤੇ ਗਾਇਬ ਹੀ
ਨਾ ਹੋ ਜਾਵੇ
ਆਪਣੀ ਜ਼ਿੰਦਗੀ ਦੀ
ਰਹਿਤਲ ਤੋਂ
......

## ਦਫ਼ਤਰ ਵਿਚ ਉਸਦੀ ਦਸਤਕ

ਜਦੋਂ ਉਹ ਦਫ਼ਤਰ ਦੇ ਬੂਹੇ ’ਤੇ
ਦਸਤਕ ਦਿੰਦੀ ਹੈ ਤਾਂ
ਇਕ ਖ਼ੁਸ਼ਕ ਜਿਹੇ ਮਾਹੌਲ
ਵਿਚ ਘੁਲ ਜਾਂਦੀਆਂ ਹਨ
ਅਨੰਤ ਖ਼ੁਸ਼ਬੋਆਂ–
ਉਹ ਸਭ ਨੂੰ ‘ਵਿਸ਼’
ਕਰਦੀ ਹੋਈ ਆਪਣੀ ਚੇਅਰ
’ਤੇ ਜਾ ਬੈਠਦੀ ਹੈ
ਫਾਈਲਾਂ ਵਿਚ ਗਵਾਚੀ ਹੋਈ
ਉਹ ਭੁੱਲ ਜਾਣਾ
ਚਾਹੁੰਦੀ ਹੈ
ਸਫ਼ਰ ਵਿਚ ਘਟੀਆਂ ਘਟਨਾਵਾਂ ਨੂੰ
ਜਦੋਂ ਉਹ ਫ਼ਾਈਲ ਲੈ ਕੇ
ਆਪਣੇ ਬੌਸ ਦੀ ਚੇਅਰ ’ਤੇ ਜਾਂਦੀ ਹੈ ਤਾਂ
ਬੌਸ ਦੀਆਂ ਨਜ਼ਰਾਂ ਅਟਕ
ਜਾਦੀਆਂ ਹਨ ਉਸ ਦੀਆਂ
ਗੋਲਾਈਆਂ ’ਤੇ–
ਉਹ ਆਪਣੇ ਸਿਰ ਤੋਂ ਸਰਕੀ ਹੋਈ ਚੁੰਨੀ ਨੂੰ ਠੀਕ
ਕਰਦੀ ਹੈ–
ਬੌਸ ਉਸ ਦੇ ਸ਼ੋਖ ਜਿਹੇ
ਹੱਥਾਂ ਨੂੰ ਛੋਹਣ ਦੀ
ਕੋਸ਼ਿਸ਼ ਕਰਦਾ
ਇਕ ਮਿੱਠੀ ਜਿਹੀ
ਝਿੜਕ ਦਿੰਦਾ ਹੈ।
“ਅੱਜ ਕਲ ਤੂੰ ਬਹੁਤ
ਸਿਆਣੀ ਹੋ ਗਈ।”
ਪਰ ਉਹ ਚੁੱਪ ਹੈ।

ਦਫ਼ਤਰ ਵਿਚ ਜਦੋਂ ਇਕ ਖਚਰੀ ਜਿਹੀ ਹਾਸੀ
ਕੰਧਾਂ ਨਾਲ ਟਕਰਾਉਂਦੀ ਹੈ ਤਾਂ
ਉਹ ਸਭ ਕੁਝ ਸਮਝਦੀ
ਹੋਈ ਨਜ਼ਰ ਅੰਦਾਜ਼
ਕਰ ਦਿੰਦੀ ਹੈ।
ਉਸ ਦੀ ਚੁੱਪ ਵਿਚ
ਪਈ ਹੈ
ਘਰ ਦੀ ਗ਼ਰੀਬੀ
ਔਰਤ ਹੋਣ ਦੀ ਬੇਵਸੀ
ਅਤੇ ਆਪਣੇ ਬੱਚਿਆਂ ਦੇ
ਭਵਿੱਖ ਦੀ ਚਿੰਤਾ–

## ਖ਼ਾਮੋਸ਼ ਹਾਦਸੇ

ਕੁਝ ਹਾਦਸੇ ਬੜੇ
ਖ਼ਾਮੋਸ਼ ਹੁੰਦੇ ਹਨ
ਪਰ ਉਨ੍ਹਾਂ ਦੇ
ਜ਼ਖ਼ਮਾਂ ਦੀ ਟੀਸ
ਬੜੀ ਹੀ ਹਿੰਸਕ
ਹੁੰਦੀ ਹੈ।
ਕੁਝ ਹਾਦਸੇ
ਅਜਿਹੇ ਹੁੰਦੇ ਹਨ
ਜਿਨ੍ਹਾਂ 'ਤੇ ਚਲਦੇ
ਪੈਰ ਸਫ਼ਰ
ਬਣ ਕੇ ਰਹਿ
ਜਾਂਦੇ ਹਨ।

## ਸੁਪਨੇ ਤੇ ਸੀਮਾਵਾਂ

ਮੈਂ ਤਾਂ ਚਾਹੁੰਦਾ ਹਾਂ
ਕਾਗਜ਼ 'ਤੇ ਡਿੱਗੇ
ਸਿਆਹੀ ਦੇ ਤੁਪਕੇ
ਵਾਂਗ–
ਤੇਰੇ ਸੁਪਨਿਆਂ ਦੀਆਂ
ਸੀਮਾਵਾਂ ਤਕ
ਫੈਲ ਜਾਵਾਂ।

## ਦਾਸਤਾ - ਔਰਤ ਬਨਾਮ ਔਰਤ

ਉਹ ਸੂਰਜ ਦੀਆਂ ਕਿਰਨਾਂ ਦੇ
ਦਸਤਕ ਤੋਂ ਪਹਿਲਾਂ
ਹੀ ਗੁੰਮ ਹੋ ਜਾਂਦੀ ਹੈ–
ਸ਼ਹਿਰ ਦੀਆਂ ਸ਼ਾਂਤ
ਪਈਆਂ ਗਲੀਆਂ ਦੇ ਹਨੇਰੇ ਵਿਚ
ਉਹ ਜਿਸ ਘਰ ਵਿਚ ਸਭ
ਤੋਂ ਪਹਿਲਾਂ ਦਸਤਕ
ਦਿੰਦੀ ਹੈ–
ਉਹ ਘਰ ਇਕ ਅਧਿਆਪਕ ਦਾ ਹੈ–
ਉਸ ਦੀ ਪਤਨੀ ਇਕ ਘਰੇਲੂ ਔਰਤ ਹੈ–
ਉਹ ਡੋਰ ਬੈੱਲ ਦੀ ਆਵਾਜ਼ ਸੁਣ
ਕੇ ਅਲਸਾਈ ਜਿਹੀ ਘਰ
ਦਾ ਬੂਹਾ ਖੋਲ੍ਹਦੀ ਹੈ।
ਤੇ ਫਿਰ ਆਪਣੇ ਡਰਾਇੰਗ
ਰੂਮ ਅੰਦਰ ਪਏ ਟੀ.ਵੀ. ਦੀ
ਸਕਰੀਨ 'ਤੇ ਪੂਰੀ ਦੀ ਪੂਰੀ
ਫੈਲ ਜਾਂਦੀ ਹੈ।
'ਮੇਹਰ'
'ਸ਼ਕਤੀ'
'ਤਲਾਸ਼'
'ਮੇਰੀ ਸਹੇਲੀ'
'ਕੁਮਕੁਮ'
ਪਤਾ ਨਹੀਂ ਕਿੰਨ੍ਹਾਂ ਕਿੰਨ੍ਹਾਂ ਸੀਰੀਅਲਾਂ
ਵਿਚੋਂ ਤਲਾਸ਼ਦੀ ਰਹਿੰਦੀ ਹੈ
ਉਹ ਆਪਣੇ ਆਪ ਨੂੰ
ਉਹ ਅਛੋਪਲੇ ਜਿਹੇ
ਘਰ ਦੀ ਲਾਅਨ ਵਿਚ

ਪਏ ਝਾੜੂ ਨੂੰ ਚੁਕਦੀ ਹੈ
ਤੇ ਘਰ ਦੀਆਂ ਕੰਧਾਂ
ਅਤੇ ਫ਼ਰਸ਼ਾਂ ਤੇ ਪਸਰੀ
ਖ਼ਾਮੋਸ਼ੀ
ਨੂੰ ਸੁੱਟ ਆਉਂਦੀ ਹੈ
ਘਰ ਦੇ ਕੂੜੇਦਾਨ ਵਿਚ
ਤੇ ਫਿਰ ਸ਼ੁਰੂ ਹੁੰਦਾ ਹੈ
ਉਸਦਾ ਅਗਲਾ ਸਫ਼ਰ–
ਅਗਲੇ ਘਰ ਵਿਚ ਉਸਦਾ
ਸਵਾਗਤ ਲੈਬਰੇਡੋਰ ਕਰਦਾ ਹੈ–
ਉਸਦੀ ਗਰਜਵੀਂ ਆਵਾਜ਼
ਤੇ ਨੀਲੀਆਂ ਡਰਾਉਣੀਆਂ
ਅੱਖਾਂ ਵਿਚ ਉਹ ਰੋਜ਼
ਹੀ ਓਪਰਾਪਣ
ਤੱਕਦੀ ਹੈ
ਇਹ ਘਰ ਕਿਸੇ ਉੱਚ ਅਹੁਦੇ
'ਤੇ ਬਿਰਾਜਮਾਨ ਕਿਸੇ
ਅਫ਼ਸਰ ਦਾ ਹੈ–
ਇਸ ਦੀ ਘਰਵਾਲੀ ਕਿਸੇ
ਸਿੱਖਿਆ ਸੰਸਥਾ ਅਤੇ
ਸਮਾਜ ਸੇਵੀ ਜਥੇਬੰਦੀਆਂ
ਦੀ ਮੁੱਖੀ ਹੈ।
ਸੁਰੱਖਿਆ ਗਾਰਡਾਂ ਦੇ
ਪਹਿਰੇ ਤੋਂ ਕਈ ਵਾਰ
ਇਸ ਘਰ ਦੀਆਂ
ਕੰਧਾਂ ਵੀ ਆਵਾਜ਼ਾਰ
ਹੋ ਜਾਂਦੀਆਂ ਹਨ–
ਉਹ ਘਰ ਅੰਦਰ ਫੈਲੀ
ਚੁੱਪ ਵਿਚ ਅਛੋਪਲੇ

ਜਿਹੇ ਆਪਣੇ  ਆਪ ਨੂੰ
ਸ਼ਾਮਲ ਕਰ ਲੈਂਦੀ ਹੈ–
ਡਰਾਇੰਗ ਰੂਮ ਤੋਂ ਬਾਥਰੂਮ
ਦੀਆਂ ਫ਼ਰਸ਼ਾਂ ਵਿਚ
ਆਪਣਾ ਘਸਮੈਲਾ ਜਿਹਾ
ਚਿਹਰਾ ਨਿਹਾਰਦੀ ਹੋਈ
ਉਹ ‘ਲੈਬਰੇਡੋਰ’ ਅੱਗੇ
ਪਏ ਕੀਮਤਾਂ ਖਾਣਿਆਂ
ਨੂੰ ਬੜੀ ਨੀਝ ਨਾਲ
ਤੱਕਦੀ–
ਕਿਸੇ ਅਗਲੇ ਘਰ ਦਾ
ਬੂਹਾ ਜਾ ਖੜਕਾਉਂਦੀ  ਐ–
ਇਹ ਘਰ ਕਿਸੇ ਰਾਜਨੇਤਾ ਦਾ ਹੈ–
ਜਿਸ ਦੀ ਪਤਨੀ ਦੇ ਸੁਪਨਿਆਂ
ਵਿਚ ਅਕਸਰ
‘ਐਸ਼ਵਰਿਆ’ ਜਾਂ
‘ਮਰਸੀਡੀਜ਼’ ਘੁੰਮਦੀ ਰਹਿੰਦੀ ਹੈ।
ਜਦੋਂ ਉਹ ਸ਼ਾਪਿੰਗ ਕਰਨ
ਲਈ ਜਾਂਦੀ ਹੈ ਤਾਂ
ਸਾਰਾ ਬਾਜ਼ਾਰ ਉਸ ਦੇ
ਪੈਰਾਂ ਵਿਚ ਵਿਛ ਜਾਂਦਾ ਹੈ।
ਉਸ ਦੇ ਪਰਸ ਵਿਚ ਪਏ ਨੋਟ
ਕਈ ਵਾਰ ਉਸ ਦੇ ਹੱਥਾਂ
ਦੀ ਮਖਮਲੀ ਛੋਹ
ਨੂੰ ਤਰਸਦੇ ਉਦਾਸ
ਹੋ ਜਾਂਦੇ ਹਨ।
ਉਹ ਆਪਣੀ ਪਾਟੀ ਹੋਈ
ਚੁੰਨੀ ਨੂੰ  ਠੀਕ ਕਰਦੀ ਹੋਈ
ਫ਼ਰਸ਼ ’ਤੇ ਪਏ ਉਦਾਸ ਅਤੇ

ਸੁੰਘੜੇ  ਹੋਏ ਟਿਸ਼ੂ ਪੇਪਰਾਂ
ਵੱਲ ਵੇਖਦੀ ਹੈ।
ਅਚਾਨਕ ਉਸ ਦੇ ਅੰਦਰਲੀ
ਥਕਾਨ ਚੀਕ ਬਣ ਕੇ ਉਸ ਦੇ
ਬੁੱਲ੍ਹਾਂ ’ਤੇ ਆ ਕੇ
ਰੁੱਕ ਜਾਂਦੀ ਹੈ।
ਉਹ ਝਾੜੂ ਚੁੱਕਦੀ ਹੈ
ਤੇ ਭੁੱਲ ਜਾਂਦੀ ਹੈ –
ਆਪਣੇ ਅੰਦਰਲੇ
ਦਰਦ ਨੂੰ
ਅਗਲੇ ਘਰ ਵਿਚ
ਉਸ ਦਾ ਸਵਾਗਤ
ਇਕ ਝਿੜਕ ਨਾਲ
ਹੁੰਦਾ ਹੈ।
ਉਸ ਦੀ ਥਕਾਵਟ ਵਾਰ ਵਾਰ
ਉਸ ਦੇ ਚਿਹਰੇ ’ਤੇ
ਪਲੱਤਣ ਬਣ ਜਾਂਦੀ ਹੈ–
ਇਹ ਘਰ ਕਿਸੇ ਉਦਯੋਗਪਤੀ ਦਾ ਹੈ।
ਜਿਸ ਦੀ ਪਤਨੀ ਨੂੰ
ਅਕਸਰ ਆਪਣੀ ‘ਫਿਗਰ’
ਦੀ ਚਿੰਤਾ ਰਹਿੰਦੀ ਹੈ।
ਰੈਸਟੋਰੈਂਟ ਦੇ ਟੇਬਲ ’ਤੇ
ਪਰੋਸੇ ਵਿਦੇਸ਼ੀ ਖਾਣੇ
ਉਸ ਦੀ ਚੇਤਨਾ ਨੂੰ
ਹਰ ਵੇਲੇ ਸੁਗੰਧਤ ਕਰਦੇ
ਰਹਿੰਦੇ ਹਨ।
.............
ਸੂਰਜ ਸਰਕਦਾ ਹੋਇਆ
ਪੱਛਮ ਵੱਲ ਵਧ ਰਿਹਾ ਹੈ।

ਉਸ ਦਾ ਤਨ ਟੁੱਟ ਰਿਹਾ ਹੈ
ਉਹ ਥੱਕੇ ਹੋਏ ਕਦਮਾਂ ਨਾਲ
ਆਪਣਾ ਵਾਪਸੀ ਸਫ਼ਰ
ਸ਼ੁਰੂ ਕਰਦੀ ਹੈ
ਤੇ ਸੋਚਦੀ ਹੈ
ਔਰਤ ਕਿੰਨੀ ਅਜ਼ਾਦ ਹੈ?

## ਕੋਸੀ ਧੁੱਪ

ਫੁੱਲ ਮਹਿਕ ਰਹੇ ਹਨ
ਤਿੱਤਲੀਆਂ ਖਿੜੇ ਹੋਏ
ਫੁੱਲਾਂ ਦੀ ਪਰਿਕਰਮਾ
ਕਰ ਰਹੀਆਂ ਹਨ
ਕੋਸੀ ਕੋਸੀ ਧੁੱਪ ਹਵਾਵਾਂ
ਨੂੰ ਨਿੱਘ ਨਾਲ
ਭਰ ਰਹੀ ਹੈ–
ਪਰਿੰਦੇ ਪਰਵਾਜ਼
ਵਿਚ ਹਨ–
ਸ਼ਬਦ ਮੇਰੀ ਚੇਤਨਾ
ਵਿਚ ਦੌੜ ਰਹੇ ਹਨ–
ਕਵਿਤਾ
ਆਪਣੀਆਂ ਪ੍ਰਸੂਤੀ ਪੀੜਾਂ
ਵਿਚੋਂ ਗੁਜ਼ਰ
ਰਹੀ ਹੈ।

## ਕਾਵਿ/ਪਾਠ

ਜਦੋਂ ਮੈਂ ਕਵਿਤਾ
ਪੜ੍ਹ ਰਿਹਾ ਹੁੰਦਾ ਹਾਂ ਤਾਂ–
ਉਦੋਂ ਸਹਿਜ ਨਹੀਂ
ਹੁੰਦਾ–
ਮੈਂ ਸਫ਼ਰਾਂ ’ਤੇ ਹੁੰਦਾ
ਹਾਂ ਕੁਦਰਤ ਦੀਆਂ ਹਰਿਆਲੀਆਂ ਵਾਦੀਆਂ
ਵਿਚ।...

## ਉਡੀਕ

ਮੈਂ ਉਸ ਛਿਣ ਦੀ ਉਡੀਕ
ਵਿਚ ਤੜਫ਼ ਰਿਹਾ ਹਾਂ
ਜਦ ਤੇਰੀ ਛੋਹ ਨਾਲ
ਫੈਲ ਜਾਵਾਂ
ਅੰਬਰ ਤੱਕ–

## ਬੂੰਦ ਤੋਂ ਬ੍ਰਹਿਮੰਡ

ਕੁਝ ਸ਼ਬਦਾਂ ਵਿਚ
ਸੁਹੱਪਣ, ਸਾਦਗੀ
ਅਤੇ ਕਵਿਤਾ
ਅਟਕੀ ਹੁੰਦੀ ਹੈ–
ਉਹ ਸ਼ਬਦ ਬੂੰਦ ਤੋਂ ਸਮੁੰਦਰ
ਅੰਸ਼ ਤੋਂ ਬ੍ਰਹਿਮੰਡ
ਦਾ ਨਿਰੰਤਰ
ਸਫ਼ਰ ਕਰਦੇ
ਰਹਿੰਦੇ ਹਨ।

## ਵਾਅਦੇ

ਅਸੀਂ ਉਨ੍ਹਾਂ ਵਾਅਦਿਆਂ
ਵਰਗੇ ਹਾਂ
ਜੋ ਕਦੇ ਵਫ਼ਾ
ਨਹੀਂ ਹੋਏ

## ਨੀਲਾਂਬਰੀ ਛੋਹ

ਤੇਰੇ ਤੁਰ ਜਾਣ ਤੋਂ ਬਾਅਦ
ਮੇਰੇ ਅੰਦਰ
ਫੈਲ ਜਾਂਦੀ ਹੈ
ਮਹਾਂਨਗਰੀ ਚੁੱਪ
ਤੇਰੀਆਂ ਨੀਲਾਂਬਰੀ
ਅੱਖਾਂ ਵਿਚ ਜਦੋਂ-
ਮੈਂ ਤੱਕਦਾ ਹਾਂ ਤਾਂ
ਜ਼ਿੰਦਗੀ ਦੀ
ਛੋਹ ਦਾ
ਅਹਿਸਾਸ ਹੁੰਦਾ ਹੈ।

## ਖਾਮੋਸ਼ੀ ਦੀ ਕਹਿਕਸ਼ਾ

ਇਹ ਖਾਮੋਸ਼ੀ
ਜਿਸ ਨੂੰ ਤੁਸੀਂ
'ਗੁੰਗੇਪਣ' ਦਾ ਨਾਂ
ਦੇ ਰਹੇ ਹੋ–
ਸਿਰਜਣਾ ਦੀ
ਅਨੰਤ ਕਹਿਕਸ਼ਾ ਹੈ।
ਸ਼ਬਦ ਰੰਗਾਂ
ਦੇ ਸ਼ਮਿਆਨਿਆਂ
ਵਿਚ ਵਿਚਰਦੇ
ਕਾਇਨਾਤ ਵਿਚ
ਬਿਖਰ ਰਹੇ ਹਨ।

## ਨੀਂਦ ਤੇ ਸੁਪਨੇ

ਨੀਂਦ ਨੇ ਸੁਪਨਿਆਂ ਨੂੰ ਕਿਹਾ
"ਤੁਹਾਡੀ ਹੋਂਦ ਤਾਂ
ਮੇਰੇ 'ਤੇ ਨਿਰਭਰ ਹੈ।"
ਸੁਪਨਿਆਂ ਨੇ ਕਿਹਾ
"ਇਹ ਤੇਰੀ ਆਪਣੀ
ਦ੍ਰਿਸ਼ਟੀ ਦਾ ਸਿਰਜਿਆ
ਮਹਿਜ਼ ਭਰਮ ਹੈ
ਅਸੀਂ ਤਾਂ ਖੁੱਲ੍ਹੀਆਂ
ਅੱਖਾਂ ਵਿਚ ਵੀ
ਮੌਜੂਦ ਹੁੰਦੇ ਹਾਂ।"

## ਪੀੜ

ਮੇਰੇ ਕੋਲ ਖੰਭ ਤੇ
ਪਰਵਾਜ਼ ਤਾਂ ਆਪਣੀ ਹੀ ਸੀ–
ਮੈਂ ਤਾਂ ਤੇਰੇ ਕੋਲੋਂ
ਥੋੜਾ ਜਿਹਾ
ਅਕਾਸ਼ ਹੀ
ਮੰਗਿਆ ਸੀ
ਇਕ ਉਡਾਣ ਲਈ
ਤੇਰੀ ਨਾਂਹ ਵਰਗੀ
ਚੁੱਪ ਨੇ
ਮੇਰੇ ਸੁਪਨਿਆਂ ਨੂੰ
ਸੁੱਟ ਦਿਤਾ
ਪੀੜ ਦੀਆਂ ਡੂੰਘੀਆਂ ਘਾਟੀਆਂ ਵਿਚ
ਮੇਰੇ ਕੋਲ...

## ਹਾਦਸੇ ਤੇ ਪਰਛਾਵੇਂ

ਬੜਾ ਔਖਾ ਹੁੰਦਾ ਹੈ
ਜ਼ਿੰਦਗੀ ਦੀਆਂ ਅੱਖਾਂ
ਵਿਚ ਅੱਖਾਂ ਪਾ ਕੇ
ਜਿਉਣਾ-
ਜਦੋਂ ਹਾਦਸੇ
ਪਰਛਾਵਿਆਂ ਵਾਂਗ
ਤੁਹਾਡੇ ਨਾਲ
ਸਫ਼ਰ ਕਰਨ
ਲੱਗ ਜਾਣ-

## ਇੰਡੀਆ ਸ਼ਾਈਨਿੰਗ ਬਨਾਮ ਫੀਲ ਗੁੱਡ

ਹਰ ਰੋਜ਼ ਤਿਰੰਗੇ
ਵਿਚ ਲਪੇਟਿਆ ਕੋਈ ਤਬੂਤ
ਕਿਸੇ ਘਰ ਆ ਰਿਹਾ ਹੈ–
ਤੇ ਹਨੇਰਾ ਪੈ ਜਾਂਦਾ ਹੈ
ਕਿਸੇ ਮਾਂ ਲਈ–
ਕਿਸੇ ਪਤਨੀ ਲਈ
ਜਿਸ ਦੀ ਫੁੱਲਾਂ ਵਰਗੀ
ਜ਼ਿੰਦਗੀ ਹੋ ਜਾਂਦੀ ਹੈ
ਪਰਬਤੋਂ ਭਾਰੀ–
ਤੇ
ਕਿਸੇ ਬੱਚੇ ਲਈ
'ਪਾਪਾ' ਸ਼ਬਦ
ਅਜਨਬੀ ਹੋ ਕੇ ਰਹਿ
ਜਾਂਦਾ ਹੈ–
............
ਹਰ ਰੋਜ਼ ਕਿਸੇ ਘਰ
ਦੀਆਂ ਤੰਗੀਆਂ
ਬਣ ਜਾਂਦੀਆਂ ਹਨ
ਖ਼ੁਦਕੁਸ਼ੀਆਂ ਦਾ
ਕਾਰਨ
.........
ਹਰ ਰੋਜ਼ ਕਿਤੇ ਮੰਦਰ ਦੀ
ਉਸਾਰੀ ਵਿਚ ਰੁਝੇ
ਹੋਏ ਹਨ–
'ਕਾਰ ਸੇਵਕ'
ਹਰ ਰੋਜ਼ ਕਿਤੇ
ਢਾਹੀ ਜਾਂਦੀ ਰਹੀ

ਹੈ ਮਸਜਦ
........
ਰੋਜ਼ ਕਿਤੇ ਸਿਰਜਿਆ
ਜਾ ਰਿਹਾ ਹੈ
ਨਵਾਂ 'ਗੋਧਰਾ'
.......
ਪਰ ਇੰਡੀਆ
ਫਿਰ ਵੀ ਚਮਕ
ਰਿਹਾ ਹੈ।–

## ਮੋਮਬੱਤੀਆਂ

ਇੰਝ ਸਰਹੱਦਾਂ ਤੇ ਮੋਮਬੱਤੀਆਂ
ਬਾਲਣ ਨਾਲ ਕੁਝ ਨਹੀਂ ਹੋਣਾ–
ਸਰਹੱਦਾਂ ਤੇ ਮੋਮਬੱਤੀਆਂ
ਬਾਲਣ ਨਾਲ ਹੀ ਅਮਨ ਨਹੀਂ ਆਵੇਗਾ
ਤੁਹਾਡੇ ਬੂਹਿਆਂ
’ਤੇ ਦਸਤਕ ਦੇਣ–
ਮੋਮਬੱਤੀਆਂ
ਸਰਹੱਦਾਂ ’ਤੇ ਨਹੀਂ
ਦਿਲਾਂ ਦੇ ਉਨ੍ਹਾਂ ਹਨੇਰ
ਕੋਨ੍ਹਿਆਂ ਵਿਚ
ਬਾਲਣ ਦੀ
ਜ਼ਰੂਰਤ ਹੈ–
ਜਿਥੇ ਪਲ ਰਹੇ ਨੇ
ਸਿਆਸਤ ਦੇ ਸੰਗੀਨ
ਬਰੂਦੀ ਖ਼ਿਆਲ–
ਇੰਝ ਸਰਹੱਦਾਂ ’ਤੇ
ਮੋਮਬੱਤੀਆਂ ਬਾਲਣ
ਨਾਲ ਕੁਝ ਨਹੀਂ
ਹੋਣਾ–

## ਸਕਰੀਨ

ਸਕਰੀਨ 'ਤੇ ਪਰੋਸਿਆ
ਪਿਆ ਹੈ–
ਕਾਮ–
ਸੈਕਸ–
ਦੇਹ–
ਤੁਸੀਂ ਟੀ.ਵੀ. ਦੀ ਸਵਿੱਚ ਬੰਦ ਕਰੋਗੇ
ਜਾਂ ਆਪਣੀਆਂ ਅੱਖਾਂ?

## ਖਰੂਦੀ ਸ਼ਕਤੀਆਂ

ਤੁਸੀਂ ਹਨੇਰੇ ਵਲ
ਪਿੱਠ ਕਰ ਕੇ
ਮੁਕਤ ਨਹੀਂ ਹੋ ਸਕਦੇ
ਆਪਣੀਆਂ ਜ਼ਿੰਮੇਵਾਰੀਆਂ ਤੋਂ–
ਹਨੇਰੇ ਵਲ ਪਿੱਠ ਕਰ ਕੇ
ਤੁਸੀਂ 'ਜੀ ਆਇਆਂ'
ਆਖ ਰਹੇ ਹੋ–
ਉਨ੍ਹਾਂ ਖਰੂਦੀ ਸ਼ਕਤੀਆਂ
ਨੂੰ ਜੋ ਡਾਲਫਿਨ ਵਾਂਗ
ਤੁਹਾਨੂੰ ਸਬੂਤਾ ਨਿਗਲ
ਜਾਣਾ ਚਾਹੁੰਦੀਆਂ ਨੇ।
ਇਸ ਤੋਂ ਪਹਿਲਾਂ ਕੇ
ਹਨੇਰਾ ਤੁਹਾਡੇ
ਬੂਹਿਆਂ ਤੱਕ
ਪਸਰ ਜਾਵੇ
ਆਵੋ ਆਪਣੇ ਆਪਣੇ
ਹਿੱਸੇ ਦਾ ਦੀਵਾ ਬਾਲ ਦੇਈਏ
ਨਹੀਂ ਤਾਂ ਜ਼ਿੰਦਗੀ
ਸਾਨੂੰ ਕਦੇ ਵੀ
ਮਾਫ਼ ਨਹੀਂ ਕਰੇਗੀ–
ਤੁਸੀਂ ਹਨੇਰੇ ਵਲ ਪਿੱਠ ਕਰ ਕੇ
ਮੁਕਤ ਨਹੀਂ ਹੋ ਸਕਦੇ
ਆਪਣੀਆਂ ਜ਼ਿੰਮੇਵਾਰੀਆਂ
ਤੋਂ...

## ਕੌਣ ਹੈ?

ਕੌਣ ਹੈ ਜੋ?
ਤੁਹਾਨੂੰ ਤੁਹਾਡੀ ਇੱਛਾ ਦੇ ਵਿਰੁਧ
ਹਨੇਰ ਗਲੀ ਵਿਚ
ਧੱਕ ਰਿਹਾ ਹੈ।
ਕੌਣ ਹੈ ਜੋ?
ਤੁਹਾਡੀ ਜ਼ਿੰਦਗੀ ਦੇ
ਅਰਥਾਂ ਦੇ ਅਨਅਰਥ
ਕਰਨ ਦੀ ਜ਼ਿੱਦ ਕਰ
ਰਿਹਾ ਹੈ।
ਕੌਣ ਹੈ ਜੋ ਤੁਹਾਡੇ
ਵਜੂਦ ਨੂੰ ਮਹਿਜ਼
ਵੋਟ ਤਕ ਘਟਾ
ਰਿਹਾ ਹੈ–
ਪਛਾਣੋਂ ਨਹੀਂ ਤਾਂ
ਤੁਹਾਨੂੰ ਇਤਿਹਾਸ
ਕਦੇ ਵੀ ਮਾਫ਼ ਨਹੀਂ
ਕਰੇਗਾ।–

## ਆਰਕੈਸਟਰਾ

ਡੀ.ਜੇ. ਤੇ ਵਜਦੇ ਗੀਤਾਂ
ਤੇ ਜਦੋਂ ਕੋਈ ਆਰਕੈਸਟਰਾ ਮੁਟਿਆਰ
ਨੱਚਦੀ ਹੈ ਤਾਂ–
ਅਨੇਕਾਂ ਅੱਖਾਂ ਖੋਹ
ਜਾਂਦੀਆਂ ਹਨ
ਉਸਦੀਆਂ ਗੋਲਾਈਆਂ ਵਿਚ
ਆਪਣੀਆਂ ਕਾਮੁਕ ਅਦਾਵਾਂ
ਨਾਲ ਉਹ ਭਰ ਦਿੰਦੀ ਹੈ–
ਮਹੌਲ ਅੰਦਰ
ਇਕ ਉਤੇਜਨਾ–
ਮੈਰਿਜ ਪੈਲੇਸ ਵਿਚ
ਫੈਲੇ ਇਸ ਸ਼ੋਰ
ਅੰਦਰ ਗਵਾਚ
ਜਾਂਦੀ ਹੈ
ਵਿਆਹ ਦੀ ਸਾਦਗੀ–

## ਜ਼ਿੰਦਗੀ ਬਨਾਮ ਫੁੱਲ

ਮੇਰੇ ਦੋਸਤ
ਖ਼ੁਸ਼ੀਆਂ ਨੂੰ
ਖ਼ੁਸ਼ਆਮਦੀਦ ਕਹਿਣਾ ਸਿਖ–
ਜ਼ਿੰਦਗੀ ਆਪਣੇ ਆਪ
ਫੁੱਲਾਂ ਵਰਗੀ ਹੋ
ਜਾਵੇਗੀ।–

# ਪੂਰਨ

ਪੂਰਨ ਪੂਰਨ ਹੀ ਹੁੰਦੇ ਹਨ–
ਇਕ ਪੂਰਨ ਸਿਆਲਕੋਟ ਦੇ
ਰਾਜੇ ਸਲਵਾਨ ਦਾ ਪੁੱਤਰ
ਅਤੇ ਇਸ਼ਰਾ ਦਾ ਜਾਇਆ–
ਪੂਰਨ ਜਿਸ ਨੂੰ
ਚਾਹੁੰਦੀ ਸੀ ਲੂਣਾ
ਉਸ ਦੇ ਮਚਲਦੇ ਅੰਗਾਂ ਦੀ
ਅੱਗ ਦਾ ਹਮਸਫ਼ਰ ਬਣੇ–
ਪੂਰਨ ਜਿਸ ਦੇ ਪਰਛਾਵਿਆਂ ਨੂੰ
ਪਕੜ ਨਾ ਸਕੀ
ਸੁੰਦਰਾ–
ਇਕ ਪੂਰਨ
ਪੰਜਾਬੀ ਕਾਵਿ ਦਾ ਵਗਦਾ
ਛੇਵਾ ਦਰਿਆ–
ਜਦੋਂ ਕਿਸੇ ਵੱਟ 'ਤੇ ਖੜ੍ਹ ਕੇ
ਪੁਰਾਣੇ ਪੰਜਾਬ ਨੂੰ–
ਹਾਕਾ ਮਾਰਦਾ ਹੈ ਤਾਂ
ਝੰਜੋੜ ਦਿੰਦਾ ਹੈ–
ਰੂਹ ਅੰਦਰਲੀਆਂ ਸੰਵੇਦਨਾਵਾਂ ਨੂੰ
ਪੂਰਨ–ਜਿਸ ਦੇ ਸੁਪਨਿਆਂ ਵਿਚ
ਖਾੜ–ਖਾੜ
ਚਲਦੇ ਨੇ ਪੰਜਾਬ ਦੇ
ਪੰਜ ਦਰਿਆ–
'ਜਪੁਜੀ' ਦੀ ਅਨਾਦੀ ਸੁਰ ਵਿਚ
ਜਿਸ ਨੂੰ ਚੰਗੇ ਲਗਦੇ ਨੇ–
ਪੰਜਾਬ ਦੇ ਮਜ਼ੂਰ
ਪੂਰਨ–ਇਕ ਅਲਬੇਲਾ

ਫ਼ਕੀਰ ਸ਼ਾਇਰ
ਇਕ ਪੂਰਨ–
ਗੁਰੂ ਘਰ ਦੀਆਂ ਰਹਿਤਲਾਂ
ਅੰਦਰ ਵਸਦਾ–
ਨਿਮਾਣੇ ਨਿਤਾਣਿਆਂ ਦਾ
ਪਿਤਾ–
ਬਾਬੇ ਨਾਨਕ ਦਾ ਭਾਈ ਘਨੱਈਆ
ਨਿਮਰਤਾ ਅਤੇ ਤਿਆਗ ਦੀ ਮੂਰਤ
ਧਰਤੀ ਹੇਠਲੇ ਬਲਦ ਵਾਂਗ
ਲਈ ਫਿਰਦਾ ਹੈ
ਆਪਣੇ ਸਿਰ 'ਤੇ
ਅਨੇਕਾਂ ਅਪਾਹਜਾਂ
ਦਾ ਭਾਰ
ਪੂਰਨ ਪੂਰਨ ਹੀ ਹੁੰਦੇ ਹਨ...

## ਚਿੱਟ ਕੱਪੜੀਏ

ਇਹ ਚਿੱਟ ਕੱਪੜੀਏ
ਕਾਰਾਂ 'ਤੇ
ਪਹਿਰੇਦਾਰਾਂ ਵਿਚ
ਘੁੰਮਣ ਵਾਲੇ-
ਤੁਹਾਡੇ ਰਹਿਬਰ ਨਹੀਂ
ਹੋ ਸਕਦੇ।
ਇਹਤਾਂ ਅਖੌਤੀ
ਸਿਆਸਤ ਦੇ ਮੋਹਰੇ ਨੇ
ਜੋ ਖੇਡ ਰਹੇ ਨੇ
ਤੁਹਾਡੀ ਆਸਥਾ
ਨਾਲ ਸ਼ਤਰੰਜੀ ਚਾਲਾਂ
ਇਹ ਚਿੱਟ ਕੱਪੜੀਏ-
ਕਾਰਾਂ ਤੇ ਪਹਿਰੇਦਾਰਾਂ
ਵਿਚ ਘੁੰਮਣ ਵਾਲੇ
ਤੁਹਾਡੇ ਰਹਿਬਰ ਨਹੀਂ
ਹੋ ਸਕਦੇ-

## ਬਿਖਰੀ ਕਵਿਤਾ

ਸਮਾਵਰ ਵਿਚੋਂ
ਭਾਫ਼ ਉਠ ਰਹੀ ਹੈ–
ਬਰਫ਼ ਰੁੱਖਾਂ ’ਤੇ
ਪੈ ਰਹੀ ਹੈ–
ਲਹਿਰਾਂ ਸਮੁੰਦਰ ਦੇ
ਕਿਨਾਰਿਆਂ ਨਾਲ
ਟਕਰਾਅ ਰਹੀਆਂ ਹਨ–
ਮੈਂ ਖਿੜਕੀ ਵਿਚੋਂ
ਸੱਭ ਕੁਝ ਤੱਕ ਰਿਹਾ ਹਾਂ
ਕਿੰਨਾ ਕੁਝ ਖਿੰਡਿਆ
ਪਿਆ ਹੈ
ਮੇਰੇ ਦੁਆਲੇ ਕਵਿਤਾ
ਵਰਗਾ।–

## ਸਵੈ ਕਾਵਿ-ਚਿੱਤਰ

ਕਿਸੇ ਚੰਨ ਚਾਨਣੀ ਰਾਤ
ਦੀ ਉਡੀਕ ਵਿਚ
ਮੈਂ ਆਪਣੇ ਆਪ ਨੂੰ
ਬਾਲਿਆ ਹੈ ਕਿਸੇ
ਮਿਸ਼ਾਲ ਵਾਂਗ–
ਮੈਂ ਆਪਣੇ ਸੁਪਨਿਆਂ ਨੂੰ
ਕਸੀਦਿਆ ਹੈ–
ਆਪਣੇ ਲਹੂ ਦੀ ਲੋਅ ਵਿਚ
ਮੇਰੇ ਕੱਚੇ ਘਰ ਦੀਆਂ
ਕੰਧਾਂ ਨੇ ਸਾਂਭਿਆ ਹੋਇਆ ਹੈ
ਮੇਰੀ ਸਵੈ–ਜੀਵਨੀ
ਦਿਆਂ ਅੰਸ਼ਾਂ ਨੂੰ–
ਮੇਰੇ ਸੁਪਨਿਆਂ ਅੰਦਰ
ਕਿਸੇ ਹਸੀਨ
ਕੁੜੀ ਦਾ ਚਿਹਰਾ ਨਹੀਂ–
ਜ਼ਿੰਦਗੀ ਦੇ ਸਵਾਲ
ਹੀ ਲਟਕਦੇ ਰਹੇ ਨੇ
ਕਿਸੇ ਚੰਨ ਦੀ ਚਾਨਣੀ ਰਾਤ
ਦੀ ਉਡੀਕ ਵਿਚ...

## ਦ੍ਰਵਤ ਸੰਵੇਦਨਾਵਾਂ

ਖਾਮੋਸ਼ੀ ਦੀ ਕਹਿਕਸ਼ਾ
ਵਿਚ ਭਟਕਦੇ ਰੰਗ
ਦੇ ਰਹੇ ਨੇ ਕੰਪਨ
ਦ੍ਰਵਤ ਸੰਵੇਦਨਾਵਾਂ ਨੂੰ
ਤੇਰੀ ਸਾਦਗੀ ਵਿਚ ਸਮੁੰਦਰਾਂ
ਦੀ ਗਹਿਰਾਈ ਅਤੇ
ਦਰਿਆਵਾਂ ਦੀ ਵਿਸ਼ਾਲਤਾ ਹੈ
ਤੇਰੀ ਇਸ ਖਾਮੋਸ਼ੀ ਨੇ
ਮੇਰੇ ਅੰਦਰ ਛੇੜਿਆ ਹੈ
ਸਿਰਜਣਾ ਦੀ ਅਖੰਡ
ਗਾਥਾ ਨੂੰ
........

## ਅਕੀਦਾ ਤੇ ਆਸਥਾ

ਤੁਸੀਂ ਆਪਣੇ ਅਕੀਦਿਆਂ
ਅਤੇ ਅਸਥਾਵਾਂ ਨੂੰ
ਰੱਖੋ ਆਪਣੀਆਂ ਸੀਮਾਵਾਂ
ਅੰਦਰ
ਤੇ ਮੈਨੂੰ ਨਾਸਤਕ ਦੀ ਰਹਿਣ ਦਿਉ-
ਤੁਹਾਡੀ ਨਜ਼ਰ ਵਿਚ ਮੈਂ
ਕੁਝ ਵੀ ਹਾਂ
ਪਰ ਮੈਨੂੰ ਮਾਣ ਹੈ ਕਿ
ਮੈਂ ਤੁਹਾਡੇ ਪਾਖੰਡ ਨੂੰ ਨਹੀਂ
ਆਪਣੇ ਸੱਚ ਨੂੰ
ਕਬੂਲਿਆ ਹੈ।
ਤੁਸੀਂ ਆਪਣੇ ਅਕੀਦਿਆਂ ਅਤੇ
ਆਸਥਾਵਾਂ ਨੂੰ ਰੱਖੋ
ਆਪਣੀ ਸੀਮਾਵਾਂ ਅੰਦਰ-

## ਵਿਰਾਨੀਆਂ

ਧਰਤੀ ਵਾਂਗ ਆਪਣੇ
ਅੰਦਰ ਸਹਿਣਸ਼ੀਲਤਾ
ਪੈਦਾ ਕਰਨ ਦੀ–
ਕੋਸ਼ਿਸ਼ 'ਚੋਂ ਹਾਂ
ਸਮਾਂ ਆਉਣ 'ਤੇ
ਬੱਦਲ ਬਣ ਵਰਸਾਂਗਾ
ਜ਼ਰੂਰ–
ਆਪਣੀਆਂ ਵਿਰਾਨੀਆਂ ਨੂੰ
ਜਰਖੇਜ਼ ਵਿਚ
ਤਬਦੀਲ ਕਰਨ ਲਈ।

## ਮੋਬਾਈਲ, ਨੈੱਟਵਰਕ ਅਤੇ ਫਰੈਂਡ ਸਰਕਲ

ਜਦੋਂ ਕਿਤਾਬ ਚੱਕਦਾ ਹਾਂ
ਤਾਂ ਇਕ ਸੰਗੀਤਕ ਧੁਨ
ਤੋੜ ਦਿੰਦੀ ਹੈ ਮੇਰੀ
ਇਕਾਗਰਤਾ–
ਕਿਸੇ ਦੋਸਤ ਦਾ ਮੈਸਜ਼
..........
ਫਿਰ ਕਿਤਾਬ ਦੇ ਵਰਕੇ ਫੋਲਦਾ ਹਾਂ
ਤਾਂ ਕਿਸੇ ਦੋਸਤ ਦਾ
ਫ਼ੋਨ ਆ ਜਾਂਦਾ ਹੈ–
ਇਸ ਤਰ੍ਹਾਂ ਫਿਰ ਚਲਦਾ
ਰਹਿੰਦਾ ਹੈ ਨਿਰੰਤਰ ਸਿਲਸਿਲਾ
ਮੈਂ ਫ਼ੋਨ ਰੱਖ ਕੇ ਕਮਰੇ ਤੋਂ
ਬਾਹਰ ਆ ਜਾਂਦਾ ਹਾਂ
ਹਵਾ ਰੁੱਖਾਂ ਹੇਠਾ ਪਏ
ਸੁੱਕੇ ਪੱਤਿਆਂ ਨਾਲ
ਅਟਖੇਲੀਆਂ ਕਰ ਰਹੀ ਹੈ।
ਸੋਚਦਾ ਹਾਂ ਫ਼ੋਨ ਬੰਦ
ਕਰ ਕੇ ਸਦਾ ਲਈ ਮੁਕਤ
ਹੋ ਜਾਵਾਂ–
ਅੰਤਰੀਵੀ ਤਣਾਉ ਤੋਂ
ਪਰ ਡਰਦਾ ਹਾਂ
ਨੈੱਟਵਰਕ ਤੋਂ ਆਊਟ ਹੋਣ
ਤੇ ਫ਼ਰੈਂਡ ਸਰਕਲ
ਤੇ ਟੁੱਟ ਜਾਣ ਤੋਂ
ਰੁੱਖਾਂ ਦੀਆਂ
ਟਾਹਣੀਆਂ 'ਤੇ ਪੁੰਗਰਦੀਆਂ
ਪੱਤੀਆਂ ਬਸੰਤ ਦੀ

ਆਮਦ ਦਾ ਪਤਾ ਦੇ
ਰਹੀਆਂ ਹਨ।
ਅੰਦਰ ਪਏ ਫ਼ੋਨ
ਦੀ ਬੈੱਲ ਫਿਰ ਮੇਰੇ
ਕੰਨਾਂ ਵਿਚ ਪੈਂਦੀ ਹੈ
ਮੈਂ ਰਵਾਨੀ ਨਾਲ
ਕਮਰੇ ਵਲ ਜਾਂਦਾ ਹਾਂ
.......
ਹੁਣ ਇਹ ਮੇਰੀ ਲੋੜ
ਨਹੀਂ ਮਜਬੂਰੀ
ਬਣ ਗਿਆ ਹੈ।

## ਤਲਿਸਮੀ ਸਾਂਝ

ਤੂੰ ਸਾਡੇ ਵਿਚ
ਪੈਦਾ ਹੋਈ
ਇਸ ਭਾਵਕ ਸਾਂਝ ਨੂੰ
ਦੋਸਤੀ ਦਾ ਨਾਂ ਦਿਤਾ–
ਸ਼ੱਬਾ ਖੈਰ!
ਕੁਝ ਤਾਂ ਹੈ
ਜੋ ਤੇਰੇ ਮੇਰੇ
ਵਿਚ ਇਸ ਤਲਿਸਮੀ
ਸਾਂਝ ਦਾ ਕਾਰਨ
ਹੈ...

## ਕਲੋਨ/ਜਰੌਕਸ ਕਾਪੀਆਂ

ਦੁਨੀਆਂ ਬ੍ਰਹਿਮੰਡੀ ਪਿੰਡ ਬਣ ਰਹੀ ਹੈ–
ਮੰਗਲ ਗ੍ਰਹਿ ’ਤੇ ਲੱਭੇ ਜਾ ਰਹੇ ਨੇ
ਮਾਨਵੀ ਹੋਂਦ ਦੇ ਵਸੀਲੇ–
ਕਲੋਨ ਕਰ ਰਿਹਾ ਹੈ
ਮਾਨਵ ਦੀਆਂ ਜਰੌਕਸ ਕਾਪੀਆਂ
ਦੁਨੀਆਂ ਦੇ ਹਰ ਖਿੱਤੇ ਵਿਚ
ਵਧ ਰਹੀ ਹੈ
ਸੈਕਸ ਵਰਕਰਾਂ ਦੀ ਭੀੜ
ਸਮਲਿੰਗੀ ਮਨਾ ਰਹੇ ਨੇ
ਵਿਆਹ ਦੇ ਜਸ਼ਨ
ਮੇਰੇ ਦੇਸ਼ ਅੰਦਰ
ਫੈਲ ਰਹੀ ਹੈ–
ਸੋਨਾ ਗਾਚੀ ਦੀ ਵਾਦੀ
ਜੇ. ਬੀ. ਰੋਡ ਪਸਰ
ਰਿਹਾ ਹੈ
ਹਰ ਸ਼ਹਿਰ ਦੀਆਂ
ਗਲੀ ਤੱਕ
ਦੁਨੀਆਂ ਬ੍ਰਹਿਮੰਡੀ
ਪਿੰਡ ਬਣ ਰਹੀ ਹੈ।

# ਕਿਤਾਬਾਂ

ਕਿਤਾਬਾਂ ਤੁਹਾਨੂੰ
ਦਿੰਦੀਆਂ ਹਨ-
ਕਾਇਨਾਤ ਨਾਲ
ਦੋਸਤੀ ਦੀ ਦਾਅਵਤ
.......
ਕਿਤਾਬਾਂ ਦਿੰਦੀਆਂ ਹਨ
ਅਲਾਪ-
ਤੁਹਾਡੇ ਅੰਦਰਲੀ
ਬਿਖਰੀਆਂ ਖਾਮੋਸ਼ੀਆਂ ਨੂੰ
...........
ਕਿਤਾਬਾਂ ਤੁਹਾਨੂੰ
ਜੋੜਦੀਆਂ ਹਨ
ਚਿੰਤਨ ਦੀਆਂ
ਖ਼ੂਬਸੂਰਤ ਵਾਦੀਆਂ ਨਾਲ
..........
ਕਿਤਾਬਾਂ ਤੁਹਾਨੂੰ
ਦਿੰਦੀਆਂ ਹਨ
ਕਾਇਨਾਤ ਨਾਲ
ਦੋਸਤੀ ਦੀ ਦਾਅਵਤ

## ਜਹਾਜ਼ਾਂ ਵਾਲੇ-1

ਤੂੰ ਤਾਂ ਰੁਮਕਦੀ ਪੌਣ ਸੀ
ਰੁੱਕ ਕਿਵੇਂ ਗਈ–
ਤੇਰੀ ਖਾਮੋਸ਼ ਮੁਹੱਬਤ
ਦਾ ਸਿਲਸਿਲਾ
ਹਾਦਸਾ ਬਣਦਾ ਜਾ ਰਿਹਾ ਹੈ।
ਤੂੰ ਦੂਰ ਜਾ ਰਹੀ ਹੈ
ਖ਼ੂਬਸੂਰਤ ਵਾਦੀਆਂ ਵਿਚ
ਜਿਥੇ ਤੇਰੇ ਸੁਪਨਿਆਂ ਦਾ
ਰਾਜ ਕੁਮਾਰ ਤੇਰੀ
ਉਡੀਕ ਕਰ ਰਿਹਾ ਹੈ
ਆਖ਼ਰ ਉਹ ਕੁਝ
ਘਟ ਹੀ ਗਿਆ–
ਜਹਾਜ਼ਾਂ ਵਾਲਿਆਂ ਨੇ
ਇਕ ਪਰਿੰਦੇ ਦੀ ਪਰਵਾਜ਼
ਨੂੰ ਕਰ ਹੀ ਲਿਆ ਕੈਦ
ਆਪਣੀਆਂ ਸੀਮਾਵਾਂ ਵਿਚ
ਤੂੰ ਹੀ ਦੱਸ
ਕਿੰਨਾ ਕੁ ਚਿਰ
ਗਲ ਨਾਲ ਲਾ ਕੇ ਰੱਖਣੀਆਂ
ਸਿਮਰਤੀਆਂ ਤੇਰੇ
ਪਲ ਪਲ ਮਿਟ ਦੇ ਨਕਸ਼ਾਂ ਨੂੰ
ਤੂੰ ਦੂਰ ਜਾ ਰਹੀ ਹੈ
ਤੇ ਮੈਂ ਵੇਖ ਰਿਹਾ ਹਾਂ
ਆਪਣੀ ਤਬਾਹੀ ਦਾ ਮੰਜ਼ਰ
ਤੂੰ ਤਾਂ ਰੁਮਕਦੀ ਪੌਣ ਸੀ?

## ਜਹਾਜ਼ਾਂ ਵਾਲੇ -2

ਇਹ ਜਹਾਜ਼ ਵਾਲੇ
ਸਾਰੇ ਪੁੰਨੂੰ ਦੇ ਹੀ ਭਾਈ ਨੇ
ਤੈਨੂੰ ਸੁੱਤੀ ਪਈ ਨੂੰ
ਛੱਡ ਕੇ ਤੁਰ ਜਾਣਗੇ
ਦੂਰ ਕਿਤੇ-
ਤੇ ਭੋਗਦੀ ਰਹੀ ਇਕੱਲੀ
ਕਾਲੇ ਪਾਣੀਆਂ ਦੀ ਸਜ਼ਾ
ਕਮਲੀਏ-
ਉਹ ਸੱਸੀ ਹੀ ਸੀ
ਜਿਸ ਨੇ ਤੱਤੀਆਂ ਰੇਤਾਂ ਵਿਚੋਂ
ਵੀ ਲੱਭ ਲਏ ਸੀ।
ਪੁੰਨੂੰ ਦੀ ਡਾਚੀ ਦੇ ਨਕਸ਼
ਤੂੰ ਤਾਂ ਇਨ੍ਹਾਂ ਦੇ
ਪਰਛਾਵਿਆਂ ਨੂੰ ਵੀ
ਪਕੜ ਨਹੀਂ ਸਕੇਂਗੀ।
ਇਹ ਜਹਾਜ਼ਾਂ ਵਾਲੇ
ਸਾਰੇ ਪੁੰਨੂੰ ਦੇ ਭਾਈ ਐ...

## ਹਾਦਸਿਆਂ ਦੇ ਰੂ-ਬ-ਰੂ

ਇਹ ਕਿਸ ਤਰ੍ਹਾਂ ਦਾ ਵਕਤ ਹੈ
ਤੂੰ ਖ਼ੁਸ਼ੀਆਂ ਨੂੰ–
ਖ਼ੁਸ਼ਆਮਦੀਦ ਕਹਿ ਰਹੀ ਹੈ
ਅਤੇ ਮੈਂ ਹਾਦਸਿਆਂ ਦੇ
ਰੂ–ਬ–ਰੂ ਹੋ ਰਿਹਾ ਹਾਂ।
ਇਹ ਕਿਸ ਤਰ੍ਹਾਂ ਦਾ ਵਕਤ ਹੈ–

## ਇਕੱਲਤਾ ਦਾ ਸਾਹਿਰਾ

ਉਸ ਨੂੰ ਬਸ ਐਨਾ ਹੀ ਕਹਿਣਾ
ਕੇ ਕਦੇ–
ਹਵਾਵਾਂ ਹੱਥ ਦੁੱਖ ਸੁੱਖ
ਦਾ ਸੁਨੇਹਾ ਭੇਜਦੀ ਰਹੇ–
ਮੇਰੀ ਉਦਾਸੀ ਦਾ
ਕਾਰਵਾਂ ਨਿਰੰਤਰ ਵਧ ਰਿਹਾ ਹੈ
ਮੇਰੀ ਇਕੱਲਤਾ ਦਾ
ਸਾਹਿਰਾ ਮੈਨੂੰ
ਨਿਗਲ ਹੀ ਨਾ ਜਾਵੇ
ਜ਼ਿੰਦਗੀ ਮੇਰੇ ਲਈ
ਸਰਾਪ ਬਣਦੀ
ਜਾ ਰਹੀ ਹੈ
ਉਸ ਨੂੰ ਬਸ ਐਨਾ ਹੀ ਕਹਿਣਾ–

## ਅਸੀਂ ਕਦ ਚਾਹਿਆ ਸੀ

ਅਸੀਂ ਕਦ ਚਾਹਿਆ ਸੀ
ਕਿ ਜ਼ਿੰਦਗੀ ਬਣ ਜਾਵੇ
ਕਾਲੇ ਪਾਣੀਆਂ ਦੀ ਸਜ਼ਾ
ਅਤੇ ਅਸੀਂ ਭਟਕਦੇ
ਰਹੀਏ ਕਿਸੇ ਖਾਨਾਬਦੋਸ਼
ਵਾਂਗ–
ਇਹ ਤਾਂ ਵਕਤ ਹੀ ਸੀ
ਕਿ ਜਿਸ ਨੇ ਸੁਲਘਦੇ
ਹੰਝੂ ਸਾਡੇ
ਹੱਥਾਂ 'ਤੇ ਟਿਕਾ ਦਿਤੇ
ਅਸੀਂ ਕਦ ਚਾਹਿਆ ਸੀ
ਕਿ ਜ਼ਿੰਦਗੀ ਕਾਲੇ ਪਾਣੀਆਂ
ਦੀ ਸਜ਼ਾ ਬਣ ਜਾਵੇ।

## ਮੁਹੱਬਤ/ਹੋਣੀ/ਹਾਦਸਾ

ਮੁਹੱਬਤ ਤੁਹਾਡੀ
ਮੰਜ਼ਲ ਬਣ ਜਾਵੇ
ਇਹ ਜ਼ਰੂਰੀ ਨਹੀਂ
ਵਕਤ ਤੁਹਾਡੇ ਬੁੱਲ੍ਹਾਂ
ਤੇ ਬੰਸਰੀ ਬਣ ਕੇ
ਫੈਲ ਜਾਵੇ-
ਇਹ ਜ਼ਰੂਰੀ ਨਹੀਂ-
ਮੁਹੱਬਤ ਤੁਹਾਡੇ ਲਈ
ਹੋਣੀ ਵੀ ਬਣ ਸਕਦੀ ਹੈ-
ਤੇ ਵਕਤ ਤੁਹਾਡੇ
ਲਈ ਹਾਦਸਾ ਵੀ
ਬਣ ਜਾਂਦਾ ਹੈ।

## ਸਾਹਾਂ ਦਾ ਮਿਰਗ

ਸਾਡੀ ਜ਼ਿੰਦਗੀ ਵਿਚ
ਵੀ ਜੇ ਕੋਈ
ਚੰਨ ਚਾਨਣੀ
ਵਰਗਾ ਪਲ ਹੁੰਦਾ ਤਾਂ
ਸਾਹਾਂ ਦਾ ਮਿਰਗ
ਜ਼ਿੰਦਗੀ ਦੇ ਮਾਰੂਥਲ
ਵਿਚ ਇੰਝ ਨਾ ਭਟਕਦਾ
ਅੜੀਏ–
ਸਾਡੀ ਜ਼ਿੰਦਗੀ ਵਿਚ
ਵੀ ਜੇ ਕੋਈ
ਸਾਹਾਂ ਦੀ ਸਰਗਮ
ਬਣਨ
ਦਾ ਅਹਿਸਾਸ ਲੈ ਕੇ
ਆਉਂਦਾ ਤਾਂ
ਅਸੀਂ ਵੀ
ਜ਼ਿੰਦਗੀ ਨੂੰ ਕਵਿਤਾ
ਵਰਗੀ ਮਹਿਸੂਸ ਕਰਦੇ।

## ਚੁੱਪ ਦੀ ਜ਼ੁਬਾਨ

ਜ਼ਰੂਰੀ ਨਹੀਂ ਕਿ ਹਰ
ਗੱਲ ਮੈਂ ਤੈਨੂੰ ਸ਼ਬਦਾਂ
ਵਿਚ ਹੀ ਕਹਾਂ
ਸ਼ਬਦ ਵੀ ਕਈ ਵਾਰ
ਭਾਵਾਂ ਦੀ ਤਹਿ ਤਕ
ਪਹੁੰਚਣ ਤੋਂ ਪਹਿਲਾਂ ਹੀ
ਭਟਕ ਜਾਂਦੇ ਹਨ ਤੇ
ਚੁੱਪ ਦੀ ਵੀ
ਇਕ ਆਪਣੀ ਹੀ ਜ਼ੁਬਾਨ ਹੁੰਦੀ ਹੈ।